Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 18 | 17/05/2025 | www.samajweekly.com | samajweekly | @samajweekly | samajweekly

# ਪਹਿਲੀ ਵਾਰ ਅਮਰੀਕਾ ਦੀ ਕਿਸੇ ਵਿਧਾਨਕ ਸੰਸਥਾ ਨੇ ਭਾਰਤੀ ਸੰਵਿਧਾਨ ਦੀ 75ਵੀਂ ਵਰ੍ਹੇਗੰਢ ਮਨਾਉਣ ਲਈ ਮਤਾ ਕੀਤਾ ਪਾਸ

## ਨਿਊਯਾਰਕ ਸਟੇਟ ਸੈਨੇਟ ’ਚ ਭਾਰਤੀ ਮੂਲ ਦੇ ਇਕਲੌਤੇ ਸੇਨੇਟਰ ਜੇਰੇਮੀ ਕੂਨੀ ਨੇ ਇਤਿਹਾਸਕ ਮਤਾ ਕੀਤਾ ਪੇਸ਼

**ਨਿਊਯਾਰਕ।** ਪਹਿਲੀ ਵਾਰ, ਨਿਊਯਾਰਕ ਸਟੇਟ ਸੈਨੇਟ ਨੇ ਰਸਮੀ ਤੌਰ ’ਤੇ ਭਾਰਤੀ ਸੰਵਿਧਾਨ ਦੀ 75ਵੀਂ ਵਰ੍ਹੇਗੰਢ ਦੇ ਸਨਮਾਨ ਵਿੱਚ ਇੱਕ ਮਤਾ ਅਪਣਾਇਆ ਹੈ। ਨਿਊਯਾਰਕ ਸਟੇਟ ਸੈਨੇਟਰ ਜੇਰੇਮੀ ਕੂਨੀ, ਜੋ ਕਿ ਇਸ ਸਮੇਂ ਨਿਊਯਾਰਕ ਸਟੇਟ ਸੈਨੇਟ ਵਿੱਚ ਸੇਵਾ ਨਿਭਾ ਰਹੇ ਭਾਰਤੀ ਮੂਲ ਦੇ ਇਕਲੌਤੇ ਮੈਂਬਰ ਹਨ, ਨੇ ਇਹ ਇਤਿਹਾਸਕ ਮਤਾ ਪੇਸ਼ ਕੀਤਾ ਜਿਸ ਨੂੰ ਬੁੱਧਵਾਰ ਨੂੰ ਇੱਕ ਸਮਾਰੋਹ ਵਿੱਚ ਅਪਣਾਇਆ ਗਿਆ। ਨਿਊਯਾਰਕ ਵਿੱਚ ਭਾਰਤ ਦੇ ਕੌਂਸਲ ਜਨਰਲ ਬਿਨੈ ਪ੍ਰਧਾਨ ਤੋਂ ਇਲਾਵਾ, ਭਾਰਤੀ-ਅਮਰੀਕੀ ਭਾਈਚਾਰੇ ਦੇ ਪ੍ਰਮੁੱਖ ਮੈਂਬਰਾਂ ਨੇ ਵੀ ਇਸ ਸਮਾਗਮ ਵਿੱਚ



ਸ਼ਿਰਕਤ ਕੀਤੀ। ਕੂਨੀ ਨੇ ਕਿਹਾ, ‘‘ਮੈਂ ਇਹ ਮਤਾ ਭਾਰਤ ਦੇ ਸੰਵਿਧਾਨ ਦੀ 75ਵੀਂ ਵਰ੍ਹੇਗੰਢ ਦੇ ਸਨਮਾਨ ਵਿੱਚ, ਭਾਰਤ ਦੀ ਆਜ਼ਾਦੀ ਦਾ ਜਸ਼ਨ ਮਨਾਉਣ ਅਤੇ ਆਪਣੇ ਦੇਸ਼ ਵਾਸੀਆਂ ਦੀ ਭਲਾਈ ਲਈ ਆਪਣੀਆਂ ਜਾਨਾਂ ਜੋਖਮ ਵਿੱਚ ਪਾਉਣ ਵਾਲੇ ਬਹਾਦਰ ਭਾਰਤੀਆਂ ਦੇ ਸਨਮਾਨ ਵਿੱਚ ਪੇਸ਼ ਕਰ ਰਿਹਾ ਹਾਂ।’’ ਇਹ ਇੱਕ ਮਹੱਤਵਪੂਰਨ ਘਟਨਾਕ੍ਰਮ ਹੈ ਕਿਉਂਕਿ ਇਹ ਪਹਿਲੀ ਵਾਰ ਹੈ ਜਦੋਂ ਭਾਰਤੀ ਸੰਵਿਧਾਨ ਦੇ ਸਨਮਾਨ ’ਚ ਅਮਰੀਕਾ ਵਿੱਚ ਕਿਸੇ ਵਿਧਾਨਕ ਸੰਸਥਾ ’ਚ ਪੇਸ਼ ਕੀਤਾ ਗਿਆ ਤੇ ਅਪਣਾਇਆ ਗਿਆ ਹੈ। ਭਾਰਤ ਦੇ ਸੁਤੰਤਰਤਾ ਦਿਵਸ, ਗਣਤੰਤਰ ਦਿਵਸ, ਪ੍ਰਮੁੱਖ ਤਿਉਹਾਰਾਂ ਅਤੇ ਹੋਰ ਮੌਕਿਆਂ ਨੂੰ ਮਨਾਉਣ ਲਈ ਪਹਿਲਾਂ ਵੀ ਕਈ ਪ੍ਰਸਤਾਵ ਪੇਸ਼ ਕੀਤੇ ਗਏ ਹਨ। ਨਿਊਯਾਰਕ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨੇ ‘ਐਕਸ’ ’ਤੇ ਇੱਕ ਪੋਸਟ ਵਿੱਚ ਕਿਹਾ, ‘‘ਭਾਰਤੀ ਸੰਵਿਧਾਨ ਦੀ 75ਵੀਂ ਵਰ੍ਹੇਗੰਢ ਮਨਾਉਂਦੇ ਹੋਏ! ਨਿਊਯਾਰਕ ਸਟੇਟ ਸੈਨੇਟ ਨੇ ਸੈਨੇਟਰ ਜੇਰੇਮੀ ਕੂਨੀ ਦੁਆਰਾ ਭਾਰਤੀ ਸੰਵਿਧਾਨ ਦੀ 75ਵੀਂ ਵਰ੍ਹੇਗੰਢ ਦੀ ਯਾਦ ਵਿੱਚ ਪੇਸ਼ ਕੀਤੇ ਗਏ ਇੱਕ ਮਤੇ ਨੂੰ ਅਪਣਾਇਆ।’’ ਇਸ ਵਿੱਚ ਕਿਹਾ ਗਿਆ ਹੈ, ‘‘ਇਹ ਮਤਾ ਭਾਰਤ ਦੇ ਲੋਕਤੰਤਰੀ ਮੁੱਲਾਂ ਅਤੇ ਆਜ਼ਾਦੀ, ਨਿਆਂ ਅਤੇ ਸਮਾਨਤਾ ਪ੍ਰਤੀ ਸੰਯੁਕਤ ਰਾਜ ਅਮਰੀਕਾ ਨਾਲ ਇਸਦੀ ਸਾਂਝੀ ਵਚਨਬੱਧਤਾ ਦਾ ਜਸ਼ਨ ਮਨਾਉਂਦਾ ਹੈ। ਬਿਨੈ ਸ਼੍ਰੀਕਾਂਤ ਨੇ ਭਾਰਤੀ-ਅਮਰੀਕੀ ਭਾਈਚਾਰੇ ਦੇ ਮੈਂਬਰਾਂ ਨਾਲ ਸਮਾਰੋਹ ਵਿੱਚ ਸ਼ਿਰਕਤ ਕੀਤੀ। ਇਹ ਸਾਂਝੇ ਲੋਕਤੰਤਰੀ ਆਦਰਸ਼ਾਂ ਅਤੇ ਸੱਭਿਆਚਾਰਕ ਸਬੰਧਾਂ ਦਾ ਜਸ਼ਨ ਸੀ।’’

# ਹਿਮਾਚਲ: ਸਾਬਕਾ ਫ਼ੌਜੀਆਂ ਅਤੇ ਵੀਰ ਨਾਰੀਆਂ ਦੀ ਪੈਨਸ਼ਨ ’ਚ 40 ਫ਼ੀਸਦ ਵਾਧਾ



**ਹਮੀਰਪੁਰ।** ਹਿਮਾਚਲ ਪ੍ਰਦੇਸ਼ ਸਰਕਾਰ ਨੇ 1987 ਤੋਂ ਪਹਿਲਾਂ ਸਵੈ-ਇੱਛਾ ਨਾਲ ਸੇਵਾਮੁਕਤ ਹੋਣ ਵਾਲੇ ਸਾਬਕਾ ਫ਼ੌਜੀਆਂ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਨੂੰ ਦਿੱਤੀ ਜਾਣ ਵਾਲੀ ਪ੍ਰਤੀ ਮਹੀਨਾ ਪੈਨਸ਼ਨ ’ਚ 2000 ਰੁਪਏ ਦਾ ਵਾਧਾ ਕੀਤਾ ਹੈ। ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਬਕਾ ਫ਼ੌਜੀਆਂ ਅਤੇ ਵੀਰ ਨਾਰੀਆਂ ਨੂੰ ਹੁਣ 3,000 ਰੁਪਏ ਦੀ ਬਜਾਏ 5,000 ਰੁਪਏ ਮਹੀਨਾਵਾਰ ਪੈਨਸ਼ਨ ਮਿਲੇਗੀ। ਸੈਨਿਕ ਭਲਾਈ ਵਿਭਾਗ ਦੇ ਡਾਇਰੈਕਟਰ ਬ੍ਰਿਗੇਡੀਅਰ ਮਦਨਸ਼ੀਲ ਸ਼ਰਮਾ ਨੇ ਕਿਹਾ, ‘ਵਿੱਤੀ ਸਾਲ ਦੀ ਪਹਿਲੀ ਤਿਮਾਹੀ ਵਿੱਚ, ਜੂਨ ਦੇ ਮਹੀਨੇ ਵਿੱਚ, ਤਿੰਨ ਮਹੀਨਿਆਂ ਅਪਰੈਲ, ਮਈ ਅਤੇ ਜੂਨ ਲਈ 15,000 ਰੁਪਏ ਦੀ ਇੱਕਮੁਸ਼ਤ ਰਕਮ ਜਾਰੀ ਕੀਤੀ ਜਾਵੇਗੀ।’ ਉਨ੍ਹਾਂ ਦੱਸਿਆ ਕਿ ਰਾਜ ਵਿੱਚ ਕੁੱਲ 507 ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਨੂੰ ਪੈਨਸ਼ਨ ਵਾਧੇ ਦਾ ਲਾਭ ਮਿਲੇਗਾ। ਇਨ੍ਹਾਂ ਸਾਬਕਾ ਸੈਨਿਕਾਂ ਨੂੰ ਭਾਰਤ ਸਰਕਾਰ ਤੋਂ ਕੋਈ ਪੈਨਸ਼ਨ ਨਹੀਂ ਮਿਲਦੀ। ਇਸ ਵੇਲੇ ਸੂਬੇ ਵਿੱਚ 246 ਸਾਬਕਾ ਫ਼ੌਜੀ ਅਤੇ ਸਾਬਕਾ ਫ਼ੌਜੀਆਂ ਦੀਆਂ 261 ਵਿਧਵਾਵਾਂ ਨੂੰ ਪੈਨਸ਼ਨ ਵਾਧੇ ਦਾ ਲਾਭ ਮਿਲੇਗਾ। ਪਹਿਲਾਂ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਦੀ ਮਾਸਿਕ ਪੈਨਸ਼ਨ ਲਈ 15,21,000 ਰੁਪਏ ਮਹੀਨਾਵਾਰ ਬਜਟ ਅਲਾਟ ਕੀਤਾ ਜਾਂਦਾ ਸੀ, ਜਿਸ ਨੂੰ ਹੁਣ ਵਧਾ ਕੇ 25,35,000 ਰੁਪਏ ਮਹੀਨਾਵਾਰ ਬਜਟ ਕਰ ਦਿੱਤਾ ਗਿਆ ਹੈ।

# ਸ਼੍ਰੋਮਣੀ ਕਮੇਟੀ ਨੇ ਪੁਣਛ ਹਮਲੇ ਦੇ ਪੀੜਤ ਸਿੱਖ ਪਰਿਵਾਰਾਂ ਨੂੰ 5-5 ਲੱਖ ਰੁਪਏ ਦੇ ਚੈੱਕ ਦਿੱਤੇ

**ਅੰਮ੍ਰਿਤਸਰ।** ਭਾਰਤ ਪਾਕਿ-ਸਤਾਨ ਵਿੱਚ ਹੋਈ ਜੰਗ ਦੌਰਾਨ ਬੀਤੇ ਦਿਨੀਂ ਜੰਮੂ ਕਸ਼ਮੀਰ ਦੇ ਪੁਣਛ ਵਿੱਚ ਹੋਏ ਹਮਲੇ ’ਚ ਮਾਰੇ ਗਏ ਚਾਰ ਸਿੱਖਾਂ ਦੇ ਪਰਿਵਾਰਾਂ ਨੂੰ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ 5-5 ਲੱਖ ਰੁਪਏ ਦੀ ਮਾਲੀ ਸਹਾਇਤਾ ਦੇ ਚੈੱਕ ਦਿੱਤੇ ਗਏ ਹਨ। ਐਡਵੋਕੇਟ ਧਾਮੀ ਸਮੇਤ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਇੱਕ ਵਫਦ ਅੱਜ ਪੁਣਛ ਵਿਖੇ ਰਾਗੀ ਭਾਈ ਅਮਰੀਕ ਸਿੰਘ ਨਮਿੱਤ ਭੋਗ ਤੇ ਅਰਦਾਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਪੁੱਜਾ ਹੈ। ਜਿੱਥੇ ਉਨ੍ਹਾਂ ਸਮੂਹ ਪੀੜਤ ਪਰਿਵਾਰਾਂ ਦੇ ਮੈਂਬਰਾਂ ਨਾਲ ਹਮਦਰਦੀ ਪ੍ਰਗਟ ਕੀਤੀ। ਇਸ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇਸ਼ ਦੁਨੀਆਂ ਵਿੱਚ ਜਦੋਂ ਵੀ ਕਿਸੇ ਸਿੱਖ ਨਾਲ ਔਖੀ ਘੜੀ



ਬਣੀ ਹੈ ਤਾਂ ਸਿੱਖ ਸੰਸਥਾ ਨੇ ਆਪਣਾ ਫਰਜ਼ ਸਮਝ ਕੇ ਉਸ ਨਾਲ ਖੜੇ ਹੁੰਦਿਆਂ ਆਪਣੀ ਜ਼ਿੰਮੇਵਾਰੀ ਨਿਭਾਈ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਪਾਕਿਸਤਾਨੀ ਫੌਜ ਵੱਲੋਂ ਕੀਤੇ ਗਏ ਹਮਲੇ ਸਮੇਂ ਪੁਣਛ ਵਿੱਚ ਉਥੋਂ ਦੇ ਵਾਸੀ ਰਣਜੀਤ ਸਿੰਘ, ਰਾਗੀ ਭਾਈ ਅਮਰੀਕ ਸਿੰਘ, ਸਾਬਕਾ ਫੌਜੀ ਅਮਰਜੀਤ ਸਿੰਘ ਅਤੇ ਬੀਬੀ ਬਲਵਿੰਦਰ ਕੌਰ (ਚਾਰੇ ਵਾਸੀ ਪੁਣਛ) ਦੀ ਮੌਤ ਹੋ ਗਈ ਸੀ। ਇਸ ਹਮਲੇ ਵਿੱਚ ਜ਼ਖ਼ਮੀ ਹੋਏ ਗੁਰਮੀਤ ਸਿੰਘ ਅਤੇ ਉਸ ਦਾ ਪੁੱਤਰ ਇੱਥੇ ਅੰਮ੍ਰਿਤਸਰ ਵਿੱਚ ਇੱਕ ਨਿੱਜੀ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ ਅਤੇ ਉਨ੍ਹਾਂ ਨੂੰ ਵੀ ਸ਼੍ਰੋਮਣੀ ਕਮੇਟੀ ਵੱਲੋਂ ਹਰ ਸੰਭਵ ਸਹਾਇਤਾ ਦੀ ਪੇਸ਼ਕਸ਼ ਕੀਤੀ ਗਈ ਹੈ। ਭੋਗ ਸਮਾਗਮ ਵਿੱਚ ਸ਼ਾਮਲ ਹੋਣ ਲਈ ਜੰਮੂ ਕਸ਼ਮੀਰ ਪਹੁੰਚੇ ਐਡਵੋਕੇਟ ਧਾਮੀ ਦੇ ਨਾਲ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਅੰਮ੍ਰਿਤਪਾਲ ਸਿੰਘ ਕੁਲਾਰ, ਮਹੰਤ ਮਨਜੀਤ ਸਿੰਘ ਮੁਖੀ ਸ਼੍ਰੋਮਣੀ ਡੇਰਾ ਨੰਗਲੀ ਸਾਹਿਬ ਪੁਣਛ, ਭਾਈ ਹਰਭਿੰਦਰ ਸਿੰਘ ਇੰਚਾਰਜ ਸਿੱਖ ਮਿਸ਼ਨ, ਭਾਈ ਜਗਤਾਰ ਸਿੰਘ ਸਲਾਹਕਾਰ/ਕੋਆਰਡੀਨੇਟਰ (ਜੰਮੂ ਕਸ਼ਮੀਰ) ਧਰਮ ਪ੍ਰਚਾਰ ਕਮੇਟੀ, ਪਰਵਿੰਦਰ ਸਿੰਘ ਚੇਅਰਮੈਨ ਗੁਰੂ ਨਾਨਕ ਸੇਵਾ ਚੈਰੀਟੇਬਲ ਟਰੱਸਟ (ਜੰਮੂ ਕਸ਼ਮੀਰ), ਨਰਿੰਦਰ ਸਿੰਘ ਪ੍ਰਧਾਨ ਡਿਸਟ੍ਰਿਕ ਗੁਰਦੁਆਰਾ ਪ੍ਰਬੰਧਕ ਕਮੇਟੀ ਪੁਣਛ, ਚਰਨਜੀਤ ਸਿੰਘ ਖਾਲਸਾ ਸਾਬਕਾ ਐਮਐਲਸੀ ਅਤੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਜੰਮੂ ਕਸ਼ਮੀਰ ਦੇ ਪ੍ਰਤੀਨਿਧ ਸ਼ਾਮਲ ਸਨ।

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 18 17/05/2025 www.samajweekly.com samajweekly @samajweekly samajweekly

# ਪਹਿਲੀ ਵਾਰ ਅਮਰੀਕਾ ਦੀ ਕਿਸੇ ਵਿਧਾਨਕ ਸੰਸਥਾ ਨੇ ਭਾਰਤੀ ਸੰਵਿਧਾਨ ਦੀ 75ਵੀਂ ਵਰ੍ਹੇਗੰਢ ਮਨਾਉਣ ਲਈ ਮਤਾ ਕੀਤਾ ਪਾਸ

## ਨਿਊਯਾਰਕ ਸਟੇਟ ਸੈਨੇਟ ’ਚ ਭਾਰਤੀ ਮੂਲ ਦੇ ਇਕਲੌਤੇ ਸੇਨੇਟਰ ਜੇਰੇਮੀ ਕੂਨੀ ਨੇ ਇਤਿਹਾਸਕ ਮਤਾ ਕੀਤਾ ਪੇਸ਼

**ਨਿਊਯਾਰਕ।** ਪਹਿਲੀ ਵਾਰ, ਨਿਊਯਾਰਕ ਸਟੇਟ ਸੈਨੇਟ ਨੇ ਰਸਮੀ ਤੌਰ ’ਤੇ ਭਾਰਤੀ ਸੰਵਿਧਾਨ ਦੀ 75ਵੀਂ ਵਰ੍ਹੇਗੰਢ ਦੇ ਸਨਮਾਨ ਵਿੱਚ ਇੱਕ ਮਤਾ ਅਪਣਾਇਆ ਹੈ। ਨਿਊਯਾਰਕ ਸਟੇਟ ਸੈਨੇਟਰ ਜੇਰੇਮੀ ਕੂਨੀ, ਜੋ ਕਿ ਇਸ ਸਮੇਂ ਨਿਊਯਾਰਕ ਸਟੇਟ ਸੈਨੇਟ ਵਿੱਚ ਸੇਵਾ ਨਿਭਾ ਰਹੇ ਭਾਰਤੀ ਮੂਲ ਦੇ ਇਕਲੌਤੇ ਮੈਂਬਰ ਹਨ, ਨੇ ਇਹ ਇਤਿਹਾਸਕ ਮਤਾ ਪੇਸ਼ ਕੀਤਾ ਜਿਸ ਨੂੰ ਬੁੱਧਵਾਰ ਨੂੰ ਇੱਕ ਸਮਾਰੋਹ ਵਿੱਚ ਅਪਣਾਇਆ ਗਿਆ। ਨਿਊਯਾਰਕ ਵਿੱਚ ਭਾਰਤ ਦੇ ਕੌਂਸਲ ਜਨਰਲ ਬਿਨੈ ਪ੍ਰਧਾਨ ਤੋਂ ਇਲਾਵਾ, ਭਾਰਤੀ-ਅਮਰੀਕੀ ਭਾਈਚਾਰੇ ਦੇ ਪ੍ਰਮੁੱਖ ਮੈਂਬਰਾਂ ਨੇ ਵੀ ਇਸ ਸਮਾਗਮ ਵਿੱਚ



ਸ਼ਿਰਕਤ ਕੀਤੀ। ਕੂਨੀ ਨੇ ਕਿਹਾ, ‘‘ਮੈਂ ਇਹ ਮਤਾ ਭਾਰਤ ਦੇ ਸੰਵਿਧਾਨ ਦੀ 75ਵੀਂ ਵਰ੍ਹੇਗੰਢ ਦੇ ਸਨਮਾਨ ਵਿੱਚ, ਭਾਰਤ ਦੀ ਆਜ਼ਾਦੀ ਦਾ ਜਸ਼ਨ ਮਨਾਉਣ ਅਤੇ ਆਪਣੇ ਦੇਸ਼ ਵਾਸੀਆਂ ਦੀ ਭਲਾਈ ਲਈ ਆਪਣੀਆਂ ਜਾਨਾਂ ਜੋਖਮ ਵਿੱਚ ਪਾਉਣ ਵਾਲੇ ਬਹਾਦਰ ਭਾਰਤੀਆਂ ਦੇ ਸਨਮਾਨ ਵਿੱਚ ਪੇਸ਼ ਕਰ ਰਿਹਾ ਹਾਂ।’’ ਇਹ ਇੱਕ ਮਹੱਤਵਪੂਰਨ ਘਟਨਾਕ੍ਰਮ ਹੈ ਕਿਉਂਕਿ ਇਹ ਪਹਿਲੀ ਵਾਰ ਹੈ ਜਦੋਂ ਭਾਰਤੀ ਸੰਵਿਧਾਨ ਦੇ ਸਨਮਾਨ ’ਚ ਅਮਰੀਕਾ ਵਿੱਚ ਕਿਸੇ ਵਿਧਾਨਕ ਸੰਸਥਾ ’ਚ ਪੇਸ਼ ਕੀਤਾ ਗਿਆ ਤੇ ਅਪਣਾਇਆ ਗਿਆ ਹੈ। ਭਾਰਤ ਦੇ ਸੁਤੰਤਰਤਾ ਦਿਵਸ, ਗਣਤੰਤਰ ਦਿਵਸ, ਪ੍ਰਮੁੱਖ ਤਿਉਹਾਰਾਂ ਅਤੇ ਹੋਰ ਮੌਕਿਆਂ ਨੂੰ ਮਨਾਉਣ ਲਈ ਪਹਿਲਾਂ ਵੀ ਕਈ ਪ੍ਰਸਤਾਵ ਪੇਸ਼ ਕੀਤੇ ਗਏ ਹਨ। ਨਿਊਯਾਰਕ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨੇ ‘ਐਕਸ’ ’ਤੇ ਇੱਕ ਪੋਸਟ ਵਿੱਚ ਕਿਹਾ, ‘‘ਭਾਰਤੀ ਸੰਵਿਧਾਨ ਦੀ 75ਵੀਂ ਵਰ੍ਹੇਗੰਢ ਮਨਾਉਂਦੇ ਹੋਏ! ਨਿਊਯਾਰਕ ਸਟੇਟ ਸੈਨੇਟ ਨੇ ਸੈਨੇਟਰ ਜੇਰੇਮੀ ਕੂਨੀ ਦੁਆਰਾ ਭਾਰਤੀ ਸੰਵਿਧਾਨ ਦੀ 75ਵੀਂ ਵਰ੍ਹੇਗੰਢ ਦੀ ਯਾਦ ਵਿੱਚ ਪੇਸ਼ ਕੀਤੇ ਗਏ ਇੱਕ ਮਤੇ ਨੂੰ ਅਪਣਾਇਆ।’’ ਇਸ ਵਿੱਚ ਕਿਹਾ ਗਿਆ ਹੈ, ‘‘ਇਹ ਮਤਾ ਭਾਰਤ ਦੇ ਲੋਕਤੰਤਰੀ ਮੁੱਲਾਂ ਅਤੇ ਆਜ਼ਾਦੀ, ਨਿਆਂ ਅਤੇ ਸਮਾਨਤਾ ਪ੍ਰਤੀ ਸੰਯੁਕਤ ਰਾਜ ਅਮਰੀਕਾ ਨਾਲ ਇਸਦੀ ਸਾਂਝੀ ਵਚਨਬੱਧਤਾ ਦਾ ਜਸ਼ਨ ਮਨਾਉਂਦਾ ਹੈ। ਬਿਨੈ ਸ਼੍ਰੀਕਾਂਤ ਨੇ ਭਾਰਤੀ-ਅਮਰੀਕੀ ਭਾਈਚਾਰੇ ਦੇ ਮੈਂਬਰਾਂ ਨਾਲ ਸਮਾਰੋਹ ਵਿੱਚ ਸ਼ਿਰਕਤ ਕੀਤੀ। ਇਹ ਸਾਂਝੇ ਲੋਕਤੰਤਰੀ ਆਦਰਸ਼ਾਂ ਅਤੇ ਸੱਭਿਆਚਾਰਕ ਸਬੰਧਾਂ ਦਾ ਜਸ਼ਨ ਸੀ।’’

## ਹਿਮਾਚਲ: ਸਾਬਕਾ ਫ਼ੌਜੀਆਂ ਅਤੇ ਵੀਰ ਨਾਰੀਆਂ ਦੀ ਪੈਨਸ਼ਨ ’ਚ 40 ਫ਼ੀਸਦ ਵਾਧਾ



**ਹਮੀਰਪੁਰ।** ਹਿਮਾਚਲ ਪ੍ਰਦੇਸ਼ ਸਰਕਾਰ ਨੇ 1987 ਤੋਂ ਪਹਿਲਾਂ ਸਵੈ-ਇੱਛਾ ਨਾਲ ਸੇਵਾਮੁਕਤ ਹੋਣ ਵਾਲੇ ਸਾਬਕਾ ਫ਼ੌਜੀਆਂ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਨੂੰ ਦਿੱਤੀ ਜਾਣ ਵਾਲੀ ਪ੍ਰਤੀ ਮਹੀਨਾ ਪੈਨਸ਼ਨ ’ਚ 2000 ਰੁਪਏ ਦਾ ਵਾਧਾ ਕੀਤਾ ਹੈ। ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਬਕਾ ਫ਼ੌਜੀਆਂ ਅਤੇ ਵੀਰ ਨਾਰੀਆਂ ਨੂੰ ਹੁਣ 3,000 ਰੁਪਏ ਦੀ ਬਜਾਏ 5,000 ਰੁਪਏ ਮਹੀਨਾਵਾਰ ਪੈਨਸ਼ਨ ਮਿਲੇਗੀ। ਸੈਨਿਕ ਭਲਾਈ ਵਿਭਾਗ ਦੇ ਡਾਇਰੈਕਟਰ ਬ੍ਰਿਗੇਡੀਅਰ ਮਦਨਸ਼ੀਲ ਸ਼ਰਮਾ ਨੇ ਕਿਹਾ, ‘ਵਿੱਤੀ ਸਾਲ ਦੀ ਪਹਿਲੀ ਤਿਮਾਹੀ ਵਿੱਚ, ਜੂਨ ਦੇ ਮਹੀਨੇ ਵਿੱਚ, ਤਿੰਨ ਮਹੀਨਿਆਂ ਅਪਰੈਲ, ਮਈ ਅਤੇ ਜੂਨ ਲਈ 15,000 ਰੁਪਏ ਦੀ ਇੱਕਮੁਸ਼ਤ ਰਕਮ ਜਾਰੀ ਕੀਤੀ ਜਾਵੇਗੀ।’ ਉਨ੍ਹਾਂ ਦੱਸਿਆ ਕਿ ਰਾਜ ਵਿੱਚ ਕੁੱਲ 507 ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਨੂੰ ਪੈਨਸ਼ਨ ਵਾਧੇ ਦਾ ਲਾਭ ਮਿਲੇਗਾ। ਇਨ੍ਹਾਂ ਸਾਬਕਾ ਸੈਨਿਕਾਂ ਨੂੰ ਭਾਰਤ ਸਰਕਾਰ ਤੋਂ ਕੋਈ ਪੈਨਸ਼ਨ ਨਹੀਂ ਮਿਲਦੀ। ਇਸ ਵੇਲੇ ਸੂਬੇ ਵਿੱਚ 246 ਸਾਬਕਾ ਫ਼ੌਜੀ ਅਤੇ ਸਾਬਕਾ ਫ਼ੌਜੀਆਂ ਦੀਆਂ 261 ਵਿਧਵਾਵਾਂ ਨੂੰ ਪੈਨਸ਼ਨ ਵਾਧੇ ਦਾ ਲਾਭ ਮਿਲੇਗਾ। ਪਹਿਲਾਂ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਦੀ ਮਾਸਿਕ ਪੈਨਸ਼ਨ ਲਈ 15,21,000 ਰੁਪਏ ਮਹੀਨਾਵਾਰ ਬਜਟ ਅਲਾਟ ਕੀਤਾ ਜਾਂਦਾ ਸੀ, ਜਿਸ ਨੂੰ ਹੁਣ ਵਧਾ ਕੇ 25,35,000 ਰੁਪਏ ਮਹੀਨਾਵਾਰ ਬਜਟ ਕਰ ਦਿੱਤਾ ਗਿਆ ਹੈ।

## ਸ਼੍ਰੋਮਣੀ ਕਮੇਟੀ ਨੇ ਪੁਣਛ ਹਮਲੇ ਦੇ ਪੀੜਤ ਸਿੱਖ ਪਰਿਵਾਰਾਂ ਨੂੰ 5-5 ਲੱਖ ਰੁਪਏ ਦੇ ਚੈੱਕ ਦਿੱਤੇ

**ਅੰਮ੍ਰਿਤਸਰ।** ਭਾਰਤ ਪਾਕਿ-ਸਤਾਨ ਵਿੱਚ ਹੋਈ ਜੰਗ ਦੌਰਾਨ ਬੀਤੇ ਦਿਨੀਂ ਜੰਮੂ ਕਸ਼ਮੀਰ ਦੇ ਪੁਣਛ ਵਿੱਚ ਹੋਏ ਹਮਲੇ ’ਚ ਮਾਰੇ ਗਏ ਚਾਰ ਸਿੱਖਾਂ ਦੇ ਪਰਿਵਾਰਾਂ ਨੂੰ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ 5-5 ਲੱਖ ਰੁਪਏ ਦੀ ਮਾਲੀ ਸਹਾਇਤਾ ਦੇ ਚੈੱਕ ਦਿੱਤੇ ਗਏ ਹਨ। ਐਡਵੋਕੇਟ ਧਾਮੀ ਸਮੇਤ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਇੱਕ ਵਫਦ ਅੱਜ ਪੁਣਛ ਵਿਖੇ ਰਾਗੀ ਭਾਈ ਅਮਰੀਕ ਸਿੰਘ ਨਮਿੱਤ ਭੋਗ ਤੇ ਅਰਦਾਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਪੁੱਜਾ ਹੈ। ਜਿੱਥੇ ਉਨ੍ਹਾਂ ਸਮੂਹ ਪੀੜਤ ਪਰਿਵਾਰਾਂ ਦੇ ਮੈਂਬਰਾਂ ਨਾਲ ਹਮਦਰਦੀ ਪ੍ਰਗਟ ਕੀਤੀ। ਇਸ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇਸ਼ ਦੁਨੀਆਂ ਵਿੱਚ ਜਦੋਂ ਵੀ ਕਿਸੇ ਸਿੱਖ ਨਾਲ ਔਖੀ ਘੜੀ



ਬਣੀ ਹੈ ਤਾਂ ਸਿੱਖ ਸੰਸਥਾ ਨੇ ਆਪਣਾ ਫਰਜ਼ ਸਮਝ ਕੇ ਉਸ ਨਾਲ ਖੜੇ ਹੁੰਦਿਆਂ ਆਪਣੀ ਜ਼ਿੰਮੇਵਾਰੀ ਨਿਭਾਈ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਪਾਕਿਸਤਾਨੀ ਫੌਜ ਵੱਲੋਂ ਕੀਤੇ ਗਏ ਹਮਲੇ ਸਮੇਂ ਪੁਣਛ ਵਿੱਚ ਉਥੋਂ ਦੇ ਵਾਸੀ ਰਣਜੀਤ ਸਿੰਘ, ਰਾਗੀ ਭਾਈ ਅਮਰੀਕ ਸਿੰਘ, ਸਾਬਕਾ ਫੌਜੀ ਅਮਰਜੀਤ ਸਿੰਘ ਅਤੇ ਬੀਬੀ ਬਲਵਿੰਦਰ ਕੌਰ (ਚਾਰੇ ਵਾਸੀ ਪੁਣਛ) ਦੀ ਮੌਤ ਹੋ ਗਈ ਸੀ। ਇਸ ਹਮਲੇ ਵਿੱਚ ਜ਼ਖ਼ਮੀ ਹੋਏ ਗੁਰਮੀਤ ਸਿੰਘ ਅਤੇ ਉਸ ਦਾ ਪੁੱਤਰ ਇੱਥੇ ਅੰਮ੍ਰਿਤਸਰ ਵਿੱਚ ਇੱਕ ਨਿੱਜੀ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ ਅਤੇ ਉਨ੍ਹਾਂ ਨੂੰ ਵੀ ਸ਼੍ਰੋਮਣੀ ਕਮੇਟੀ ਵੱਲੋਂ ਹਰ ਸੰਭਵ ਸਹਾਇਤਾ ਦੀ ਪੇਸ਼ਕਸ਼ ਕੀਤੀ ਗਈ ਹੈ। ਭੋਗ ਸਮਾਗਮ ਵਿੱਚ ਸ਼ਾਮਲ ਹੋਣ ਲਈ ਜੰਮੂ ਕਸ਼ਮੀਰ ਪਹੁੰਚੇ ਐਡਵੋਕੇਟ ਧਾਮੀ ਦੇ ਨਾਲ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਅੰਮ੍ਰਿਤਪਾਲ ਸਿੰਘ ਕੁਲਾਰ, ਮਹੰਤ ਮਨਜੀਤ ਸਿੰਘ ਮੁਖੀ ਸ਼੍ਰੋਮਣੀ ਡੇਰਾ ਨੰਗਲੀ ਸਾਹਿਬ ਪੁਣਛ, ਭਾਈ ਹਰਭਿੰਦਰ ਸਿੰਘ ਇੰਚਾਰਜ ਸਿੱਖ ਮਿਸ਼ਨ, ਭਾਈ ਜਗਤਾਰ ਸਿੰਘ ਸਲਾਹਕਾਰ/ਕੋਆਰਡੀਨੇਟਰ (ਜੰਮੂ ਕਸ਼ਮੀਰ) ਧਰਮ ਪ੍ਰਚਾਰ ਕਮੇਟੀ, ਪਰਵਿੰਦਰ ਸਿੰਘ ਚੇਅਰਮੈਨ ਗੁਰੂ ਨਾਨਕ ਸੇਵਾ ਚੈਰੀਟੇਬਲ ਟਰੱਸਟ (ਜੰਮੂ ਕਸ਼ਮੀਰ), ਨਰਿੰਦਰ ਸਿੰਘ ਪ੍ਰਧਾਨ ਡਿਸਟ੍ਰਿਕ ਗੁਰਦੁਆਰਾ ਪ੍ਰਬੰਧਕ ਕਮੇਟੀ ਪੁਣਛ, ਚਰਨਜੀਤ ਸਿੰਘ ਖਾਲਸਾ ਸਾਬਕਾ ਐਮਐਲਸੀ ਅਤੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਜੰਮੂ ਕਸ਼ਮੀਰ ਦੇ ਪ੍ਰਤੀਨਿਧ ਸ਼ਾਮਲ ਸਨ।

# ਲੋਕ ਸੰਪਰਕ ਵਿਭਾਗ ਵਿੱਚ ਤਰੱਕੀਆਂ; ਦੋ ਜੁਆਇੰਟ ਡਾਇਰੈਕਟਰ ਅਤੇ ਛੇ ਡਿਪਟੀ ਡਾਇਰੈਕਟਰ ਬਣੇ



**ਚੰਡੀਗੜ੍ਹ।** ਸੂਚਨਾ ਅਤੇ ਲੋਕ ਸੰਪਰਕ ਵਿਭਾਗ ਵਿੱਚ ਕੰਮ ਕਰਦੇ ਅੱਠ ਅਧਿਕਾਰੀਆਂ ਨੂੰ ਅੱਜ ਪਦਉੱਨਤ ਕੀਤਾ ਗਿਆ। ਵਿਭਾਗ ਵਿੱਚ ਕੰਮ ਕਰਦੇ ਦੋ ਡਿਪਟੀ ਡਾਇਰੈਕਟਰਾਂ ਨੂੰ ਪਦਉੱਨਤ ਕਰਕੇ ਜੁਆਇੰਟ ਡਾਇਰੈਕਟਰ ਅਤੇ ਪੰਜ ਸੂਚਨਾ ਤੇ ਲੋਕ ਸੰਪਰਕ ਅਧਿਕਾਰੀਆਂ ਨੂੰ ਡਿਪਟੀ ਡਾਇਰੈਕਟਰ ਤੇ ਇਕ ਆਰਟ ਐਗਜ਼ੈਕਿਟਵ ਨੂੰ ਡਿਪਟੀ ਡਾਇਰੈਕਟਰ ਬਣਾਇਆ ਗਿਆ ਹੈ। ਪਦਉੱਨਤ ਹੋਏ ਅੱਠ ਅਧਿਕਾਰੀਆਂ ਨੂੰ ਸੂਚਨਾ ਤੇ ਲੋਕ ਸੰਪਰਕ ਮੰਤਰੀ ਸ. ਹਰਜੋਤ ਸਿੰਘ ਬੈਂਸ ਦੀ ਪ੍ਰਵਾਨਗੀ ਉਪਰੰਤ ਅੱਜ ਨਵੀਂ ਤਾਇਨਾਤੀ ਦੇ ਹੁਕਮ ਵੀ ਜਾਰੀ ਕਰ ਦਿੱਤੇ ਗਏ ਹਨ। ਸੂਚਨਾ ਤੇ ਲੋਕ ਸੰਪਰਕ ਵਿਭਾਗ ਵੱਲੋਂ 8 ਮਈ ਨੂੰ ਕੀਤੀਆਂ ਗਈਆਂ ਵਿਭਾਗੀ ਤਰੱਕੀ ਕਮੇਟੀਆਂ ਦੀਆਂ ਮੀਟਿੰਗਾਂ ਉਪਰੰਤ ਇਹ ਪਦਉੱਨਤੀਆਂ ਕੀਤੀਆਂ ਗਈਆਂ ਹਨ। ਅੱਜ ਪਦ-ਉੱਨਤ ਕੀਤੇ ਜੁਆਇੰਟ ਡਾਇਰੈਕਟਰ ਨੂੰ ਜਾਰੀ ਕੀਤੇ ਤਾਇਨਾਤੀ ਦੇ ਹੁਕਮਾਂ ਵਿੱਚ ਇਸ਼ਵਿੰਦਰ ਸਿੰਘ ਗਰੇਵਾਲ ਨੂੰ ਮੁੱਖ ਦਫ਼ਤਰ ਚੰਡੀਗੜ੍ਹ ਅਤੇ ਮਨਵਿੰਦਰ ਸਿੰਘ ਨੂੰ ਜੁਆਇੰਟ ਡਾਇਰੈਕਟਰ ਪ੍ਰੈੱਸ/ਮੁੱਖ ਮੰਤਰੀ ਅਤੇ ਵਾਧੂ ਚਾਰਜ ਜੁਆਇੰਟ ਡਾਇਰੈਕਟਰ ਬਾਰਡਰ ਰੇਂਜ ਅੰਮ੍ਰਿਤਸਰ ਲਗਾਇਆ ਗਿਆ। ਇਸੇ ਤਰ੍ਹਾਂ ਪਦ-ਉੱਨਤ ਕੀਤੇ ਛੇ ਡਿਪਟੀ ਡਾਇਰੈਕਟਰਾਂ ਵਿੱਚੋਂ ਰੁਚੀ ਕਾਲੜਾ ਨੂੰ ਬਠਿੰਡਾ, ਰਸ਼ਿਮ ਵਰਮਾ ਨੂੰ ਮੁੱਖ ਦਫ਼ਤਰ ਤੇ ਵਾਧੂ ਚਾਰਜ ਸ੍ਰੀ ਅਨੰਦਪੁਰ ਸਾਹਿਬ, ਨਵਦੀਪ ਸਿੰਘ ਗਿੱਲ ਨੂੰ ਮੁੱਖ ਦਫ਼ਤਰ ਚੰਡੀਗੜ੍ਹ, ਪ੍ਰਭਦੀਪ ਸਿੰਘ ਕੌਲਧਰ ਨੂੰ ਮੁੱਖ ਦਫ਼ਤਰ ਤੇ ਵਾਧੂ ਚਾਰਜ ਸੰਗਰੂਰ, ਹਾਕਮ ਥਾਪਰ ਨੂੰ ਜਲੰਧਰ ਅਤੇ ਹਰਦੀਪ ਸਿੰਘ ਨੂੰ ਮੁੱਖ ਦਫ਼ਤਰ ਵਿਖੇ ਤਾਇਨਾਤ ਕੀਤਾ ਗਿਆ ਹੈ। ਨਵੇਂ ਪਦਉੱਨਤ ਅਧਿਕਾਰੀਆਂ ਨੇ ਅੱਜ ਵਿਭਾਗ ਦੇ ਸਕੱਤਰ ਰਾਮਵੀਰ ਕੋਲ ਜੁਆਇਨ ਕਰਦਿਆਂ ਸੂਚਨਾ ਤੇ ਲੋਕ ਸੰਪਰਕ ਮੰਤਰੀ ਤੇ ਉੱਚ ਅਧਿਕਾਰੀਆਂ ਦਾ ਧੰਨਵਾਦ ਕੀਤਾ।

# ਆਮਿਰ ਖਾਨ ਦੀ ਨਵੀਂ ਫਿਲਮ 'ਸਿਤਾਰੇ ਜ਼ਮੀਨ ਪਰ' ਦਾ ਟ੍ਰੇਲਰ ਹੋਇਆ ਰਿਲੀਜ਼, 20 ਜੂਨ ਨੂੰ ਸਿਨੇਮਾਘਰਾਂ ਵਿੱਚ ਹੋਵੇਗੀ ਰਿਲੀਜ਼

**ਮੁੰਬਈ ।** ਬਾਲੀਵੁੱਡ ਸਟਾਰ ਅਤੇ ਫਿਲਮਕਾਰ ਆਮਿਰ ਖਾਨ ਦੀ ਆਉਣ ਵਾਲੀ ਫਿਲਮ ਸਿਤਾਰੇ ਜ਼ਮੀਨ ਪਰ ਦਾ ਟ੍ਰੇਲਰ ਰਿਲੀਜ਼ ਹੋ ਗਿਆ ਹੈ। ਸਿਤਾਰੇ ਜ਼ਮੀਨ ਪਰ 2007 ਦੀ ਫਿਲਮ ਤਾਰੇ ਜ਼ਮੀਨ ਪਰ ਦਾ ਅਧਿਆਤਮਿਕ ਸੀਕੁਅਲ ਹੈ। ਆਮਿਰ ਖਾਨ ਇਸ ਫਿਲਮ ਨਾਲ ਲੰਬੇ ਸਮੇਂ ਬਾਅਦ ਵੱਡੇ ਪਰਦੇ 'ਤੇ ਵਾਪਸੀ ਕਰ ਰਹੇ ਹਨ। ਫਿਲਮ ਵਿੱਚ ਆਮਿਰ ਖਾਨ ਇੱਕ ਬਾਸਕਟਬਾਲ ਟੀਮ ਦੇ ਕੋਚ ਦੀ ਭੂਮਿਕਾ ਵਿੱਚ ਨਜ਼ਰ ਆ ਰਹੇ ਹਨ, ਜੋ 10 ਸਪੈਸ਼ਲ ਲੋਕਾਂ ਦੀ ਟੀਮ ਨੂੰ ਸਿਖਲਾਈ ਦੇ ਰਹੇ ਹਨ। ਆਮਿਰ ਨੂੰ ਸ਼ੁਰੂ ਵਿੱਚ ਇੱਕ ਗਲਤੀ ਦੀ ਸਜ਼ਾ ਵਜੋਂ ਦਿਵਿਆਂਗ ਬੱਚਿਆਂ ਨੂੰ ਬਾਸਕਟਬਾਲ ਸਿਖਾਉਣ ਦਾ ਕੰਮ ਦਿੱਤਾ ਜਾਂਦਾ ਹੈ। ਪਹਿਲਾਂ ਤਾਂ ਉਹ ਚਿੜਚਿੜੇਪਨ ਅਤੇ ਗੁੱਸੇ ਵਿੱਚ ਕਰਦੇ ਹਨ ਪਰ ਬਾਅਦ ਵਿੱਚ, ਉਹ ਇਸ ਜ਼ਿੰਮੇਵਾਰੀ ਨੂੰ ਪੂਰੀ ਲਗਨ ਨਾਲ ਨਿਭਾਉਂਦੇ ਹਨ। ਟ੍ਰੇਲਰ ਵਿੱਚ ਆਮਿਰ ਖਾਨ ਅਤੇ ਜੇਨੇਲੀਆ




ਡਿਸੂਜ਼ਾ ਤੋਂ ਇਲਾਵਾ ਬਾਕੀ ਸਟਾਰ ਕਾਸਟ ਦੀ ਝਲਕ ਵੀ ਦਿਖਾਈ ਦਿੰਦੀ ਹੈ। ਟ੍ਰੇਲਰ ਨੂੰ ਆਪਣੇ ਸੋਸ਼ਲ ਮੀਡੀਆ 'ਤੇ ਸਾਂਝਾ ਕਰਦੇ ਹੋਏ, ਨਿਰਮਾਤਾਵਾਂ ਨੇ ਲਿਖਿਆ - ਇੱਕ ਟਿੰਗੂ ਬਾਸਕਟਬਾਲ ਕੋਚ, 10 ਤੂਫਾਨੀ ਸਿਤਾਰੇ ਅਤੇ ਉਨ੍ਹਾਂ ਦਾ ਸਫ਼ਰ। ਇਹ ਫਿਲਮ 20 ਜੂਨ ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ। ਆਮਿਰ ਖਾਨ ਪ੍ਰੋਡਕਸ਼ਨ ਸਿਤਾਰੇ ਜ਼ਮੀਨ ਪਰ ਰਾਹੀਂ 10 ਨਵੇਂ ਚਿਹਰੇ ਲਾਂਚ ਕਰ ਰਹੇ ਹਨ। ਇਨ੍ਹਾਂ ਵਿੱਚ ਆਰੁਸ਼ ਦੱਤਾ, ਗੋਪੀ ਕ੍ਰਿਸ਼ਨਾ ਵਰਮਾ, ਸਮਵਿਤ ਦੇਸਾਈ, ਵੇਦਾਂਤ ਸ਼ਰਮਾ, ਆਯੂਸ਼ ਭੰਸਾਲੀ, ਆਸ਼ੀਸ਼ ਪੇਂਡਸੇ, ਰਿਸ਼ੀ ਸ਼ਾਹਾਨੀ, ਰਿਸ਼ਭ ਜੈਨ, ਨਮਨ ਮਿਸ਼ਰਾ ਅਤੇ ਸਿਮਰਨ ਮੰਗੇਸ਼ਕਰ ਸ਼ਾਮਲ ਹਨ। ਇਸ ਫਿਲਮ ਦਾ ਨਿਰਦੇਸ਼ਨ ਆਰ.ਐੱਸ. ਪ੍ਰਸੰਨਾ ਨੇ ਕੀਤਾ ਹੈ। ਆਮਿਰ ਖਾਨ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਫਿਲਮ 'ਸਿਤਾਰੇ ਜ਼ਮੀਨ ਪਰ' ਵਿੱਚ ਆਮਿਰ ਖਾਨ ਅਤੇ ਜੇਨੇਲੀਆ ਡਿਸੂਜ਼ਾ ਮੁੱਖ ਭੂਮਿਕਾਵਾਂ ਵਿੱਚ ਨਜ਼ਰ ਆਉਣਗੇ। ਫਿਲਮ ਦੇ ਗਾਣੇ ਅਮਿਤਾਭ ਭੱਟਾਚਾਰੀਆ ਨੇ ਲਿਖੇ ਹਨ ਅਤੇ ਸੰਗੀਤ ਸ਼ੰਕਰ-ਅਹਿਸਾਨ ਲੋਏ ਨੇ ਦਿੱਤਾ ਹੈ। ਇਸਦੀ ਸਕ੍ਰਿਪਟ ਦਿਵਿਆ ਨਿਧੀ ਸ਼ਰਮਾ ਨੇ ਲਿਖੀ ਹੈ। ਇਹ ਫਿਲਮ ਆਮਿਰ ਖਾਨ ਅਤੇ ਅਪਰਣਾ ਪੁਰੋਹਿਤ ਦੁਆਰਾ ਬਣਾਈ ਗਈ ਹੈ, ਜਦੋਂ ਕਿ ਰਵੀ ਭਾਗਚੰਦਕਾ ਵੀ ਇੱਕ ਨਿਰਮਾਤਾ ਵਜੋਂ ਜੁੜੇ ਹੋਏ ਹਨ। ਇਹ ਫਿਲਮ 20 ਜੂਨ ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ।

# ਭਾਰਤ-ਤੁਰਕੀ ਸਬੰਧਾਂ 'ਚ ਕੁੜੱਤਣ ਕਾਰਨ ਸੇਲੇਬੀ ਦੇ ਸ਼ੇਅਰ ਮੂੰਧੇ ਮੂੰਹ ਡਿੱਗੇ

**ਨਵੀਂ ਦਿੱਲੀ।** ਭਾਰਤ ਸਰਕਾਰ ਵੱਲੋਂ ਦੇਸ਼ ਵਿੱਚ ਤੁਰਕੀ ਆਧਾਰਿਤ ਸੇਲੇਬੀ ਏਵੀਏਸ਼ਨ ਹੋਲਡਿੰਗ ਦੇ ਸੰਚਾਲਨ ਲਈ ਸੁਰੱਖਿਆ ਪ੍ਰਵਾਨਗੀ ਰੱਦ ਕਰਨ ਦੇ ਅਚਾਨਕ ਲਏ ਗਏ ਫ਼ੈਸਲੇ ਮਗਰੋਂ ਕੰਪਨੀ ਦੇ ਸ਼ੇਅਰ ਵੀਰਵਾਰ ਅਤੇ ਸ਼ੁੱਕਰਵਾਰ ਨੂੰ ਲਗਭਗ 20 ਫ਼ੀਸਦੀ ਡਿੱਗ ਗਏ। ਨਿਵੇਸ਼ਕਾਂ ਨੂੰ ਦਿੱਤੇ ਇੱਕ ਬਿਆਨ ਅਨੁਸਾਰ ਇਸਤਾਂਬੁਲ ਹੈੱਡਕੁਆਰਟਰ ਤੋਂ ਕੰਮ-ਕਾਜ ਸੰਭਾਲ ਰਹੀ ਕੰਪਨੀ ਨੇ ਕਿਹਾ ਕਿ ਉਹ ਭਾਰਤ ਸਰਕਾਰ ਦੀ ਕਾਰਵਾਈ ਨੂੰ ਚੁਣੌਤੀ ਦੇਣ ਲਈ 'ਸਾਰੇ ਪ੍ਰਸ਼ਾਸਕੀ ਅਤੇ ਕਾਨੂੰਨੀ ਦਾਅ-ਪੇਚ ਲਾਵੇਗੀ।' ਇਸ ਤੋਂ ਪਹਿਲਾਂ ਦਿਨ ਸਮੇਂ ਸੈਂਕੜੇ ਪ੍ਰਦਰਸ਼ਨਕਾਰੀਆਂ ਨੇ ਦਿੱਲੀ ਦੇ ਉੱਚ ਸੁਰੱਖਿਆ ਵਾਲੇ ਖੇਤਰ ਚਾਣਕਿਆਪੁਰੀ ਵਿੱਚ ਇਕੱਠੇ ਹੋ ਕੇ ਤੁਰਕੀ ਦੇ ਦੂਤਾਵਾਸ ਵੱਲ ਮਾਰਚ ਕਰਨ ਦੀ ਕੋਸ਼ਿਸ਼ ਕੀਤੀ। ਹਾਲਾਂਕਿ ਦਿੱਲੀ ਪੁਲੀਸ ਨੇ ਪ੍ਰਦਰਸ਼ਨਕਾਰੀਆਂ ਨੂੰ ਰਾਹ ਵਿੱਚ ਹੀ ਰੋਕ ਲਿਆ ਅਤੇ ਕਈ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ। ਭਾਰਤ ਨਾਲ ਜੰਗ ਦੌਰਾਨ ਤੁਰਕੀ ਦੇ ਪਾਕਿਸਤਾਨ ਨੂੰ ਦਿੱਤੇ



ਗਏ ਸਮਰਥਨ ਕਾਰਨ ਇਹ ਵਿਰੋਧ ਪ੍ਰਦਰਸ਼ਨ ਸ਼ੁਰੂ ਹੋਇਆ ਸੀ। ਪ੍ਰਦਰਸ਼ਨਕਾਰੀਆਂ ਨੇ ਤੁਰਕੀ 'ਤੇ ਭਾਰਤ ਨਾਲ ਧੋਖਾ ਕਰਨ ਦਾ ਦੋਸ਼ ਲਾਇਆ, ਜਿਸ ਵਿੱਚ ਉਨ੍ਹਾਂ ਪਾਕਿਸਤਾਨ ਨੂੰ ਡਰੋਨ ਸਪਲਾਈ ਕਰਨ ਦਾ ਹਵਾਲਾ ਦਿੱਤਾ, ਜਿਨ੍ਹਾਂ ਨੂੰ ਕਥਿਤ ਤੌਰ 'ਤੇ ਭਾਰਤੀ ਫ਼ੌਜਾਂ ਖ਼ਿਲਾਫ਼ ਹਾਲ ਹੀ ਵਿੱਚ ਹੋਏ ਹਮਲਿਆਂ ਦੌਰਾਨ ਵਰਤਿਆ ਗਿਆ ਸੀ। ਸਵਦੇਸ਼ੀ ਜਾਗਰਣ ਮੰਚ ਨਾਲ ਸਬੰਧਿਤ ਇੱਕ ਪ੍ਰਦਰਸ਼ਨਕਾਰੀ ਨੇ ਕਿਹਾ, ''ਤੁਰਕੀ ਨੇ ਭਾਰਤ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਜਦੋਂ ਭੂਚਾਲ ਤੋਂ ਬਾਅਦ ਉਨ੍ਹਾਂ ਨੂੰ ਲੋੜ ਸੀ ਤਾਂ ਅਸੀਂ ਉਨ੍ਹਾਂ ਦੇ ਨਾਲ ਖੜ੍ਹੇ ਹੋਏ ਅਤੇ ਮਦਦ ਭੇਜੀ ਪਰ ਉਨ੍ਹਾਂ ਨੇ ਕੀ ਕੀਤਾ? ਉਨ੍ਹਾਂ ਪਾਕਿਸਤਾਨ ਨੂੰ ਡਰੋਨ ਸਪਲਾਈ ਕੀਤੇ, ਜੋ ਸਾਡੇ 'ਤੇ ਹਮਲਾ ਕਰਨ ਲਈ ਵਰਤੇ ਗਏ।''

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਨਵਨਿਯੁਕਤ 5994 ਅਧਿਆਪਕਾਂ ਦੀ ਇੱਕ ਰੋਜ਼ਾ ਇੰਡਕਸ਼ਨ ਵਰਕਸ਼ਾਪ ਆਯੋਜਿਤ

### ਜ਼ਿਲ੍ਹੇ ਦੇ ਵੱਖ ਵੱਖ ਸਿੱਖਿਆ ਬਲਾਕਾਂ ਦੇ ਨਵਨਿਯੁਕਤ ਅਧਿਆਪਕਾਂ ਨੇ ਭਾਗ ਲਿਆ



**ਕਪੂਰਥਲਾ ( ਪੱਤਰ ਪ੍ਰੇਰਕ)-** ਪੰਜਾਬ ਰਾਜ ਖੋਜ ਪ੍ਰੀਸ਼ਦ ਚੰਡੀਗੜ੍ਹ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਦੀ ਸਹਾਇਤਾ ਨਾਲ ਪ੍ਰੀ ਪ੍ਰਾਇਮਰੀ, ਵਿੱਦਿਆ ਪ੍ਰਵੇਸ਼, ਨਿਪੁੰਨ ਭਾਰਤ, ਮਿਸ਼ਨ ਸਮਰੱਥ ਤਹਿਤ ਪ੍ਰੀ ਪ੍ਰਾਇਮਰੀ ਤੋਂ ਲੈ ਕੇ ਪੰਜਵੀਂ ਜਮਾਤ ਤੱਕ ਦੇ ਸਿਲੇਬਸ ਦੀ ਕਾਰਜਸ਼ੀਲਤਾ ਨੂੰ ਹੋਰ ਵਧੀਆ ਕਰਦੇ ਹੋਏ ਅਤੇ ਬੱਚਿਆਂ ਨੂੰ ਸਮੇਂ ਦੀ ਹਾਣੀ ਬਣਾਉਂਦੇ ਹੋਏ, ਜ਼ਿਲ੍ਹਾ ਸਿੱਖਿਆ ਅਧਿਕਾਰੀ ਸ੍ਰੀ ਮਤੀ ਮਮਤਾ ਬਜਾਜ,ਉੱਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਡਾਕਟਰ ਬਲਵਿੰਦਰ ਸਿੰਘ ਬੱਟੂ ਦੀ ਯੋਗ ਅਗਵਾਈ ਹੇਠ ਤੇ ਡਾਇਟ ਸੀਨੀਅਰ ਲੈਕਚਰਰ ਸੁਰਜੀਤ ਕੌਰ ਦੀ ਦੇਖ ਰੇਖ ਹੇਠ ਜ਼ਿਲ੍ਹੇ ਦੇ ਵੱਖ ਵੱਖ ਸਿੱਖਿਆ ਬਲਾਕਾਂ ਦੇ ਅਧਿਆਪਕਾਂ ਦਾ ਇੱਕ ਰੋਜ਼ਾ ਸੈਮੀਨਾਰ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਸ਼ੇਖੂਪੁਰ ਵਿਖੇ ਲਗਾਇਆ ਗਿਆ॥ ਉਕਤ ਵਰਕਸ਼ਾਪ ਵਿੱਚ ਜ਼ਿਲ੍ਹੇ ਦੇ ਵੱਖ ਵੱਖ ਬਲਾਕਾਂ ਦੇ ਵੱਖ ਵੱਖ ਅਧਿਆਪਕਾਂ ਨੇ ਭਾਗ ਲਿਆ ।ਇਸ ਸੈਮੀਨਾਰ ਦੇ ਵਿਚ ਵਿਸ਼ੇਸ਼ ਤੌਰ ਤੇ ਡਾਇਟ ਦੇ ਸੀਨੀਅਰ ਲੈਕਚਰਾਰ ਸੁਰਜੀਤ ਕੌਰ ਤੇ ਜ਼ਿਲ੍ਹਾ ਕੋਆਰਡੀਨੇਟਰ ਸਮੱਰਥ ਹਰਮਿੰਦਰ ਸਿੰਘ ਜੋਸਨ ਨੇ ਸ਼ਿਰਕਤ ਕੀਤੀ।ਇਸ ਦੌਰਾਨ ਉਨ੍ਹਾਂ ਨੇ ਸਮੂਹ ਅਧਿਆਪਕਾਂ ਨੂੰ ਪ੍ਰੀ ਪ੍ਰਾਇਮਰੀ, ਵਿੱਦਿਆ ਪ੍ਰਵੇਸ਼, ਨਿਪੁੰਨ ਭਾਰਤ, ਮਿਸ਼ਨ ਸਮਰੱਥ ਟੀਚੇ, ਗਤੀਵਿਧੀਆਂ, ਟੈਸਟਿੰਗ ਪ੍ਰੋਸੈੱਸ, ਟੀ ਐੱਲ ਐੱਮ ਦੀ ਵਰਤੋਂ, ਵਰਕਬੁੱਕਸ ਦੀ ਵਰਤੋਂ ਸੰਬੰਧਿਤ ਨਵੇਂ ਪਾਠਕ੍ਰਮ ਤੇ ਗਤੀਵਿਧੀਆਂ ਨੂੰ ਸਕੂਲਾਂ ਵਿੱਚ ਜ਼ਮੀਨੀ ਪੱਧਰ ਤੱਕ ਲਾਗੂ ਕਰਨ ਲਈ ਆਖਿਆ। ਰਿਸੋਰਸ ਪਰਸਨ ਦੇ ਤੌਰ ਤੇ ਡਾਕਟਰ ਪਰਮਜੀਤ ਕੌਰ ਤੇ ਪਵਨ ਕੁਮਾਰ ਜੋਸ਼ੀ ਨੇ ਅਧਿਆਪਕਾਂ ਵੱਲੋਂ ਕੀਤੇ ਸਵਾਲਾਂ ਦੇ ਜਵਾਬ ਤਸੱਲੀਬਖ਼ਸ਼ ਢੰਗ ਨਾਲ ਦਿੱਤੇ।ਇਸ ਦੌਰਾਨ ਉਨ੍ਹਾਂ ਅਧਿਆਪਕਾਂ ਨੂੰ ਕਿਹਾ ਕਿ ਤੁਹਾਡੇ ਤੇ ਵਿਭਾਗ ਦੁਆਰਾ ਵਿਸ਼ਵਾਸ ਪ੍ਰਗਟ ਕੀਤਾ ਗਿਆ ਹੈ ਕਿ ਤੁਸੀਂ ਸਟੇਟ ਵੱਲੋਂ ਦਿੱਤੇ ਏਜੰਡੇ ਤੇ ਵਿਭਾਗ ਦੀਆਂ ਗਤੀਵਿਧੀਆਂ ਨੂੰ ਜ਼ਮੀਨੀ ਪੱਧਰ ਤੇ ਲਾਗੂ ਕਰਨ ਲਈ ਹਰ ਸੰਭਵ ਯਤਨ ਕਰੋਗੇ ਸਾਨੂੰ ਉਮੀਦ ਹੈ ਕਿ ਤੁਸੀ ਇਸ ਵਿਸ਼ਵਾਸ ਨੂੰ ਬਹਾਲ ਰੱਖੋਗੇ।

ਸਮਾਜ ਵੀਕਲੀ ਨਿਊਜ਼

# ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਫ਼ਰੀਦਕੋਟ ਵੱਲੋਂ ਹੋਵੇਗਾ ਸੈਨਿਕਾਂ ਦਾ ਸਨਮਾਨ:- ਉਪ ਕੁੱਲਪਤੀ ਡਾ.ਰਾਜੀਵ ਸੂਦ



**ਫ਼ਰੀਦਕੋਟ (ਸਮਾਜ ਵੀਕਲੀ)** ਅੱਜ ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਫ਼ਰੀਦਕੋਟ ਦੇ ਉਪ ਕੁੱਲਪਤੀ ਡਾਂ.ਰਾਜੀਵ ਸੂਦ ਜੀ ਪ੍ਰੈਸ ਨਾਲ ਗੱਲਬਾਤ ਦੌਰਾਨ ਦੱਸਿਆਂ ਕਿ ਯੂਨੀਵਰਸਿਟੀ ਪ੍ਰਸਾਸ਼ਨ ਵੱਲੋ ਸਰਹੱਦਾਂ ਤੇ ਸਾਡੇ ਤੇ ਦੇਸ਼ ਲਈ ਲੜ ਰਹੇ ਸੈਨਿਕਾਂ ਦਾ ਸਨਮਾਨ ਕੀਤਾ ਜਾਵੇਗਾ। ਓਨਾਂ ਕਿਹਾ ਸੈਨਿਕ ਆਪਣੇ ਸੀਨਿਆਂ ਨੂੰ ਸੁਰੱਖਿਆਂ ਦੀਵਾਰ ਬਣਾ, ਸਾਡੇ ਲਈ ਸਰਹੱਦਾਂ ਤੇ ਆਪਣੇ ਪਰਿਵਾਰ ਦੀ ਪ੍ਰਵਾਹ ਕੀਤੇ ਬਿਨਾਂ ਖੜੇ ਹਨ। ਸਾਡਾ ਮਨੁੱਖੀ ਅਧਿਕਾਰ ਬਣਦਾ ਹੈ , ਅਸੀ ਓਨਾਂ ਦਾ ਸਨਮਾਨ ਕਰ ਹੌਸਲਾ ਅਫ਼ਜਾਈ ਕਰੀਏ। ਸਾਡਾ ਪੂਰਾ ਪ੍ਰਸਾਸ਼ਨ ਸਾਨਦਾਰ ਸਮਾਗਮ ਲਈ ਤਤਪਰ ਹੈ। ਇਸ ਸਮਾਗਮ ਨੂੰ ਜਿੱਤ ਦੇ ਜਸ਼ਨ ਤੌਰ ਤੇ ਮਨਾਇਆਂ ਜਾ ਰਿਹਾ , ਇਸ ਸਮਾਗਮ ਦੌਰਾਨ ਪ੍ਰਸਿੱਧ ਚਰਚਿਤ ਅਦਾਕਾਰ ਤੇ ਲੋਕ ਗਾਇਕ ਕਰਮਜੀਤ ਅਨਮੋਲ ਜੀ ਆਪਣੇ ਬੇਹਤਰੀਣ ਗੀਤਾਂ ਨਾਲ ਹਾਜਰੀ ਲਗਵਾਉਣਗੇ । ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋ ਡਾਂ. ਗੁਰਪ੍ਰੀਤ ਕੌਰ ਜੀ ਧਰਮ ਪਤਨੀ , ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਮਾਨ ਜੀ ਦੀ ਹਾਜ਼ਰ ਹੋਣਗੇ । ਇਸ ਸਮੇ ਮੈਡੀਕਲ ਹਸਪਤਾਲ ਦੇ ਸੁਪਰਡੈਂਟ ਡਾਂ.ਨੀਤੂ ਕੂਕਰ ਤੇ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਡਾਂ.ਸੰਜੇ ਗੁਪਤਾ ਤੋ ਇਲਾਵਾਂ ਹਲਕਾ ਇੰਚਾਰਜ ਸ੍ਰ ਗੁਰਦਿੱਤ ਸਿੰਘ ਸੇਖੋ ਆਦਿ ਹਾਜ਼ਰ ਸਨ ।

ਸਮਾਜ ਵੀਕਲੀ ਨਿਊਜ਼

# ਸੰਦੀਪ ਸੈਣੀ ਦੁਆਰਾ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਮੰਗਾਂ ਰੋਡਾ ਵਿੱਚ ਵਿਕਾਸ ਕਾਰਜ਼ਾਂ ਦਾ ਉਦਘਾਟਨ



**ਕਪੂਰਥਲਾ ( ਵਿਸ਼ੇਸ਼ ਪ੍ਰਤੀਨਿਧ)-** ਪੰਜਾਬ ਸਿੱਖਿਆ ਕ੍ਰਾਂਤੀ ਅਧੀਨ ਸ. ਭਗਵੰਤ ਸਿੰਘ ਮਾਨ, ਮਾਣਯੋਗ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਹੇਠ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ, ਪੰਜਾਬ ਅਤੇ ਸ੍ਰੀ ਸੰਦੀਪ ਸੈਣੀ ਚੇਅਰਮੈਨ ਪੰਜਾਬ ਬੀ.ਸੀ. ਲੈਂਡ ਡਿਵੈਲਪਮੈਂਟ ਐਂਡ ਫਾਇਨਾਂਸ ਕਾਰਪੋਰੇਸ਼ਨ ਦੇ ਸਾਂਝੇ ਯਤਨਾਂ ਸਦਕਾ ਸਰਕਾਰੀ ਐਲੀਮੈਂਟਰੀ ਸਕੂਲ ਮੰਗਾ ਰੋਡਾ, ਬਲਾਕ ਕਪੂਰਥਲਾ-1 (ਜ਼ਿਲ੍ਹਾ ਕਪੂਰਥਲਾ) ਵਿਖੇ ਬਿਲਡਿੰਗ ਦੇ ਬੁਨਿਆਦੀ ਢਾਂਚੇ ਦੀ ਉਸਾਰੀ ਅਤੇ ਚਾਰ ਦੀਵਾਰੀ ਦੀ ਮੁਰੰਮਤ ਦਾ ਕੰਮ ਮੁਕੰਮਲ ਹੋਣ ਉਪਰੰਤ ਲੋਕ ਅਰਪਿਤ ਕੀਤਾ ਗਿਆ। ਇਸ ਮੌਕੇ ਉਹਨਾਂ ਨੇ ਇੱਕ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਮਾਨ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦੇ ਹੋਏ ਸਕੂਲਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਵਿਸਥਾਰ ਸਬੰਧੀ ਭਵਿੱਖ ਦੀ ਯੋਜਨਾਂ ਬਿਆਨ ਕੀਤੀ। ਉਹਨਾਂ ਨੇ ਕਿਹਾ ਕਿ ਇਸ ਵਾਰ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀ ਲਿਆਉਣ ਲਈ ਸਰਕਾਰ ਨੇ 18000 ਕਰੋੜ ਦਾ ਬਜ਼ਟ ਰੱਖਿਆ ਹੈ। ਜਿਸ ਨਾਲ ਪੰਜਾਬ ਦੇ ਸਿੱਖਿਆ ਖੇਤਰ ਵਿੱਚ ਕ੍ਰਾਂਤੀਕਾਰੀ ਬਦਲਾਵ ਆਉਣ ਵਾਲੇ ਸਮੇਂ ਵਿੱਚ ਦੇਖੇ ਜਾਣਗੇ। ਇਸ ਮੌਕੇ ਸਕੂਲ ਅਧਿਆਪਕਾਂ ਸੁਖਮਿੰਦਰ ਸਿੰਘ ਬਾਜਵਾ ਅਤੇ ਸਤਵੀਰ ਕੌਰ ਨੇ ਸਕੂਲ ਦਾ ਰਿਪੋਰਟ ਕਾਰਡ ਪੇਸ਼ ਕਰਦੇ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਉਦਘਾਟਨੀ ਸਮਾਰੋਹ ਵਿੱਚ ਸ. ਜਗਜੀਤ ਸਿੰਘ ਬਿੱਟੂ ,ਚੇਅਰਮੈਨ ਮਾਰਕੀਟ ਕਮੇਟੀ ਕਪੂਰਥਲਾ, ਹਰਪ੍ਰੀਤ ਕੌਰ ਕਪੂਰ ਆਪ ਜਿਲ੍ਹਾ ਆਗੂ, ਬਲਵਿੰਦਰ ਸਿੰਘ (ਪੰਚ), ਸਵਰਨ ਸਿੰਘ (ਪੰਚ),ਸ੍ਰੀਮਤੀ ਕੰਵਲਜੀਤ ਕੌਰ, ਸ੍ਰੀਮਤੀ ਕੁਲਵੰਤ ਕੌਰ, ਸ੍ਰੀਮਤੀ ਰਜਨੀ, ਐੱਸ ਐਮ ਸੀ ਚੇਅਰਮੈਨ ਸ੍ਰੀਮਤੀ ਡਿੰਪਲ, ਕੇਵਲ ਸਿੰਘ,ਪਵਨ ਕੁਮਾਰ, ਸੈਂਟਰ ਹੈੱਡ ਟੀਚਰ ਜੈਮਲ ਸਿੰਘ,ਹੈੱਡ ਟੀਚਰ ਗੁਰਮੁੱਖ ਸਿੰਘ ਬਾਬਾ,ਮਿਡ ਡੇ ਮੀਲ ਵਰਕਰ ਸ੍ਰੀਮਤੀ ਕੁਲਵਿੰਦਰ ਕੌਰ ਅਤੇ ਪਿੰਡ ਦੇ ਹੋਰ ਪਤਵੰਤੇ ਹਾਜ਼ਰ ਸਨ।

ਸਮਾਜ ਵੀਕਲੀ ਨਿਊਜ਼

# ਵਿਰੋਧੀ ਬੁਖਲਾਹਟ 'ਚ ਪਾੜ ਰਹੇ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਦੇ ਪੋਸਟਰ – ਚੀਮਾ

## ਸੂਬਾ ਸਰਕਾਰ ਨੇ ਪੰਜਾਬ ਨੂੰ ਕੀਤਾ ਰੇਤ ਮਾਫੀਆ, ਸ਼ਰਾਬ ਮਾਫੀਆ ਅਤੇ ਗੈਂਗਸਟਰਾਂ ਦੇ ਹਵਾਲੇ – ਜੱਥੇਦਾਰ ਗਾਬੜੀਆ



**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਦੀ ਉਪ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੂੰ ਹਲਕੇ ਦੇ ਵੋਟਰਾਂ ਦਾ ਮਿਲ ਰਿਹਾ ਸਮਰਥਨ ਵਿਰੋਧੀਆਂ ਨੂੰ ਰਾਸ ਨਹੀਂ ਰਿਹਾ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਦਲਜੀਤ ਸਿੰਘ ਚੀਮਾ ਅਤੇ ਜੱਥੇਦਾਰ ਹੀਰਾ ਸਿੰਘ ਗਾਬੜੀਆ, ਮਹੇਸ਼ਇੰਦਰ ਸਿੰਘ ਗਰੇਵਾਲ ਨੇ ਭਾਈ ਰਣਧੀਰ ਸਿੰਘ ਨਗਰ ਵਿਖੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਦੀ ਬੁਖਲਾਹਟ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਿੱਥੇ-ਜਿੱਥੇ ਵੀ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਦੇ ਫਲੈਕਸ ਲਗਾਏ ਜਾਂਦੇ ਹਨ, ਵਿਰੋਧੀਆਂ ਵੱਲੋਂ ਉਹਨਾਂ ਫਲੈਕਸਾਂ ਨੂੰ ਪਾੜ ਕੇ ਆਪਣੇ ਫਲੈਕਸ ਲਗਾ ਦਿੱਤੇ ਜਾਂਦੇ ਹਨ। ਉਹਨਾਂ ਕਿਹਾ ਕਿ ਪਿਛਲੇ ਤਿੰਨ ਸਾਲਾਂ ਤੋਂ ਵੱਧ ਦੇ ਸਮੇਂ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਨੂੰ ਰੇਤ ਮਾਫੀਆ, ਸ਼ਰਾਬ ਮਾਫੀਆ ਅਤੇ ਗੈਂਗਸਟਰਾਂ ਦੇ ਹਵਾਲੇ ਕਰ ਦਿੱਤਾ ਹੈ। ਪੰਜਾਬ ਅੰਦਰ ਲਾਅ ਐਂਡ ਆਡਰ ਦੀ ਸਥਿਤੀ ਖਤਮ ਹੋ ਚੁੱਕੀ। ਭਗਵੰਤ ਮਾਨ ਸਰਕਾਰ ਸ਼੍ਰੋਮਣੀ ਅਕਾਲੀ ਦਲ ਵੇਲੇ ਦੇ ਵਿਕਾਸ ਕਾਰਜਾਂ ਨੂੰ ਲਿਪਾਪੋਚੀ ਕਰਕੇ ਉਨ੍ਹਾਂ ਦੇ ਉਦਘਾਟਨ ਕਰਕੇ ਝੂਠੀ ਵਾਹਵਾਹੀ ਖੱਟਣ ਵਿੱਚ ਲੱਗੀ ਹੋਈ ਹੈ। ਜੱਥੇਦਾਰ ਗਾਬੜੀਆ ਨੇ ਕਿਹਾ ਕਿ ਸ਼ਹਿਰ ਵਿੱਚ ਕਾਨੂੰਨ ਵਿਵਸਥਾ ਬੁਰੀ ਤਰ੍ਹਾਂ ਵਿਗੜ ਗਈ ਹੈ ਅਤੇ ਲੋਕਾਂ ਨੂੰ ਇਨਸਾਫ਼ ਲਈ ਥਾਣਿਆਂ ਦੇ ਚੱਕਰ ਲਗਾਉਣੇ ਪੈ ਰਹੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਦੀਆਂ ਮੂਲ ਭੂਤ ਜ਼ਰੂਰਤਾਂ ਨੂੰ ਨਜ਼ਰਅੰਦਾਜ਼ ਕੀਤਾ ਹੈ ਅਤੇ ਉਹਨਾਂ ਦੀਆਂ ਨੀਤੀਆਂ ਲੋਕਾਂ ਲਈ ਨੁਕਸਾਨਦਾਇਕ ਸਾਬਤ ਹੋਈਆਂ ਹਨ। ਜੱਥੇਦਾਰ ਗਾਬੜੀਆ ਨੇ ਲੋਕਾਂ ਨੂੰ ਅਪੀਲ ਕਰਦੇ ਹੋਏ ਜਿੱਥੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੂੰ ਵੱਡੇ ਫਰਕ ਨਾਲ ਜਿਤਾਉਣ ਦੀ ਅਪੀਲ ਕੀਤੀ ਉੱਥੇ ਲੋਕਾਂ ਨੂੰ ਯਕੀਨ ਦਿਲਾਉਂਦੇ ਹੋਏ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਵਿੱਚ ਇਹ ਸਮੱਸਿਆਵਾਂ ਹੱਲ ਕੀਤੀਆਂ ਜਾਣਗੀਆਂ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਮੇਲਾ ਐਡੀਲੇਡ ਦਾ ਚ ਬੱਚਿਆਂ ਨੂੰ ਧਾਰਮਿਕ ਇਤਿਹਾਸ ਤੇ ਪੰਜਾਬੀ ਮਾਂ ਬੋਲੀ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲਾ

**ਐਡੀਲੇਡ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਮੇਲਾ ਐਡੀਲੇਡ ਦਾ ਐਲਿਸ ਪਾਰਕ (ਪਾਰਕ 24) ਵੈਸਟ ਟੈਰਸ 'ਚ ਇੰਡੀਅਨ ਆਸਟ੍ਰੇਲੀਅਨ ਮੀਡੀਆ ਆਫ਼ ਸਾਊਥ ਆਸਟ੍ਰੇਲੀਆ ਵਲੋਂ ਸਭਨਾਂ ਦੇ ਸਹਿਯੋਗ ਨਾਲ ਮਨਾਇਆ ਗਿਆ । ਮੇਲਾ ਐਡੀਲੇਡ ਦਾ ਯਾਦਗਾਰੀ ਹੋ ਨਿਬੜਿਆ ਜਿਸ ਦਾ ਸਭਨਾਂ ਨੇ ਖੂਬ ਆਨੰਦ ਮਾਣਿਆ,ਦੂਰ ਦੁਰਾਡਿਓ ਵੱਡੀ ਗਿਣਤੀ 'ਚ ਸ਼ਿਰਕਤ ਕਰਨ ਲਈ ਸੰਗਤਾਂ ਪਹੁੰਚੀਆਂ। ਮੇਲਾ ਐਡੀਲੇਡ ਦਾ ਚ ਛੋਟੇ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ ਤੇ ਧਾਰਮਿਕ ਇਤਿਹਾਸ ਨਾਲ ਜੋੜਨ ਦੇ ਟੀਚੇ ਤਹਿਤ ਵਿਸ਼ੇਸ਼ ਉਪਰਾਲਾ 7 ਮੈਂਬਰੀ ਟੀਮ ਵੱਲੋਂ ਕੀਤਾ ਗਿਆ। ਇਸਦੇ ਨਾਲ ਹੀ ਬੱਚਿਆਂ ਦੀਆਂ ਰੇਸਾ ਤੋ ਅਰੰਭਤਾ ਹੋਈ ਜਿਸ ਵਿੱਚ ਵੱਧ ਚੜ੍ਹ ਕੇ ਬੱਚਿਆਂ ਨੇ ਹਿੱਸਾ ਲਿਆ। ਟੀਮ ਨੇ ਬੱਚਿਆਂ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਵਿਆਹ ਦੀਆਂ ਰਸਮਾਂ ਸਬੰਧੀ ਦਿੱਤੇ ਸਰਲ ਸਵਾਲਾਂ ਦੇ ਹੱਲ ਕਰਨ ਬਾਅਦ ਨਤੀਜੇ ਜਾਰੀ ਕੀਤੇ ਗਏ । ਵੱਧ ਅੰਕ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤੌਰ 'ਤੇ ਗਰੇਵਾਲ ਚੱਕੀ ਆਟਾ-ਰਾਇਲ ਗੋਲਡ ਚੱਕੀ ਆਟਾ, ਇੰਡੀਅਨ ਟੈਂਪਟੇਸ਼ਨ ਰੈਸਟੋਰੈਂਟ, ਜਤਿਨ ਤੁਸ਼ਾਰ ਏਸ ਹੋਮ ਡਿਕੋਰ, ਤਾਜ ਜਿਊਲਰਜ਼ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਤੇ ਪ੍ਰਬੰਧਕਾਂ ਵਲੋਂ ਬੱਚਿਆਂ ਨੂੰ ਇਨਾਮ ਵੰਡੇ ਗਏ ਤੇ ਸਨਮਾਨਿਤ ਕੀਤਾ । ਸਟੇਜ ਤੋਂ ਜਗਰੂਪ ਬੁੱਟਰ ਤੇ ਅਮਨਦੀਪ ਕੌਰ ਵਲੋਂ ਮੇਲਾ ਐਡੀਲੇਡ ਦਾ ਨੂੰ ਇੱਕ ਲੜੀ 'ਚ ਪਰੋ ਕੇ ਦਰਸ਼ਕਾਂ ਸਨਮੁਖ ਨਿਵੇਕਲੇ ਢੰਗ 'ਚ ਬਾਖੂਬੀ ਪੇਸ਼ਕਾਰੀ ਕੀਤੀ । ਜਗਰੂਪ ਸਿੰਘ ਬੁੱਟਰ ਵਲੋਂ ਕੁਇਜ਼ ਪ੍ਰੋਗਰਾਮ ਰਾਹੀਂ ਕੀਤੀ ਪੇਸ਼ਕਾਰੀ ਦੀ ਸਭਨਾਂ ਨੇ ਸ਼ਲਾਘਾ ਕੀਤੀ ਤੇ ਬੱਚਿਆਂ ਨੂੰ ਇਨਾਮ ਵੰਡੇ ਗਏ । ਸਵਾਲਾਂ ਦੇ ਜਵਾਬ ਦੇਣ ਵਾਲੇ ਬੱਚਿਆਂ ਦਾ ਨਤੀਜਾ ਤਿੰਨ ਕੈਟਾਗਰੀਆਂ ਚ ਕੱਢਿਆ ਗਿਆ। ਵਿਦੇਸ਼ ਚ ਆਣ ਵਸੇ ਪੰਜਾਬੀ ਆਪਣੇ ਬੱਚਿਆਂ ਤੇ ਖ਼ਾਸ ਕਰਕੇ ਤੀਜੀ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਤੋਂ ਦੂਰ ਹੁੰਦਾ ਵੇਖ ਕੇ ਬੱਚਿਆਂ ਪ੍ਰਤੀ ਫ਼ਿਕਰਮੰਦ ਹਨ।ਭਾਵੇਂ ਵੱਖ ਵੱਖ ਅਦਾਰੇ ਪੰਜਾਬੀ ਭਾਸ਼ਾ ਪੜ੍ਹਾਉਣ ਲਈ ਤੇ ਪ੍ਰਫੁੱਲਤ ਕਰਨ ਲਈ ਪੂਰੀ ਮਿਹਨਤ ਤੇ ਤੇ ਸ਼ਿੱਦਤ ਨਾਲ ਕੰਮ ਕਰ ਰਹੇ ਹਨ।ਮੇਲਾ ਐਡੀਲੇਡ ਦਾ ਬੱਚਿਆਂ ਨੂੰ ਪੰਜਾਬੀ ਬੋਲੀ ਨਾਲ ਜੋੜਨ ਲਈ ਸ਼ਲਾਘਾਯੋਗ ਕਦਮ ਹੋ ਨਿੱਬੜਿਆ। ਬੀਬੀਆ ਦੀ ਟੀਮ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਭਵਿੱਖ ਚ ਅਜਿਹੇ ਉਪਰਾਲੇ ਜਾਰੀ ਰੱਖਣ ਦੀ ਲੋੜ ਹੈ ਤਾਂ ਕਿ ਅੰਗਰੇਜ਼ੀ ਸਿੱਖ ਰਹੇ ਬੱਚੇ ਆਪਣੀ ਮਾਂ ਬੋਲੀ ਪੰਜਾਬੀ ਨਾਲ ਜੁੜੇ ਰਹਿ ਸਕਣ ।






ਮੇਲਾ ਐਡੀਲੇਡ ਦਾ ਚ ਛੋਟੇ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ ਤੇ ਧਾਰਮਿਕ ਇਤਿਹਾਸ ਨਾਲ ਜੋੜਨ ਦੇ ਟੀਚੇ ਤਹਿਤ ਟੀਮ।

# ਸਵੱਛਤਾ ਪਖਵਾੜੇ ਦੀ ਕੀਤੀ ਸ਼ੁਰੂਆਤ

**ਸ਼੍ਰੀ ਅਨੰਦਪੁਰ ਸਾਹਿਬ ( ਸੰਜੀਵ ਧਰਮਾਣੀ )**

ਭਾਰਤ ਸਰਕਾਰ ਅਤੇ ਬੋਰਡ ਦਫ਼ਤਰ ਵੱਲੋਂ 16.05.2025 ਨੂੰ ਜਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ, ਭਾਖੜਾ ਬਿਆਸ ਪ੍ਰਬੰਧਨ ਬੋਰਡ ਦੇ ਚੇਅਰਮੈਨ ਇੰਜੀਨੀਅਰ ਮਨੋਜ ਤ੍ਰਿਪਾਠੀ, ਮੈਂਬਰ ਪਾਵਰ ਇੰਜੀਨੀਅਰ ਜਗਜੀਤ ਸਿੰਘ, ਸੁਪਰਿਟੇਂਡਿੰਗ ਇੰਜੀਨੀਅਰ ਨਹਿਰੀ ਪਾਵਰ ਹਾਊਸ, ਇੰਜੀਨੀਅਰ ਵਿਨੀਤ ਮਿਸ਼ਰਾ, ਈ ਰਣਜੀਤ ਸਿੰਘ ਡਿਪਟੀ ਚੀਫ਼ ਇੰਜੀਨੀਅਰ, ਈ ਸੁਨੀਤਾ ਅਗਰਵਾਲ ਸੁਪਰਿਟੇਂਡਿੰਗ ਇੰਜੀਨੀਅਰ ਹੈੱਡ ਕੁਆਰਟਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਸਵੱਛਤਾ ਪਖਵਾੜਾ-2025 ਦੀ ਰਸਮੀ ਸ਼ੁਰੂਆਤ ਇੰਜੀਨੀਅਰ ਦੇਵੇਂਦਰ ਸੋਨੀ, ਸੀਨੀਅਰ ਕਾਰਜਕਾਰੀ ਇੰਜੀਨੀਅਰ ਸਿਵਲ ਮੇਨਟੇਨੈਂਸ ਡਿਵੀਜ਼ਨ ਪਾਵਰ ਵਿੰਗ ਗੰਗੂਵਾਲ ਦੀ ਅਗਵਾਈ ਹੇਠ ਬੀਬੀਐਮਬੀ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਦੁਬਾਰਾ ਸਹੁੰ ਚੁਕਾ ਕੇ ਕੀਤੀ ਗਈ। ਇਸ ਦੌਰਾਨ ਇੰਜੀਨੀਅਰ ਸੋਨੀ ਨੇ ਸਾਰੇ ਕਰਮਚਾਰੀਆਂ ਨੂੰ ਸਵੱਛਤਾ ਪਖਵਾੜੇ ਦੀ ਮਹੱਤਤਾ ਬਾਰੇ ਦੱਸਿਆ ਅਤੇ ਇਸ ਪੰਦਰਵਾੜੇ ਵਿੱਚ ਵੱਧ ਤੋਂ ਵੱਧ ਭਾਗੀਦਾਰੀ ਦੀ ਅਪੀਲ ਕੀਤੀ। ਇਸ ਮੌਕੇ ਵਿਭਾਗ ਵੱਲੋਂ ਫਿਰ ਤੋਂ ਸਟਾਫ਼ ਅਤੇ ਕਰਮਚਾਰੀਆਂ ਲਈ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਇੰਜੀਨੀਅਰ ਗੁਰ-ਚਰਨ ਸਿੰਘ, ਰੈਜ਼ੀਡੈਂਟ ਇੰਜੀਨੀਅਰ, ਇੰਜੀਨੀਅਰ ਮਨੀਸ਼ਾ ਵਸ਼ਿਸ਼ਟ, ਵਧੀਕ ਸੁਪਰਡੈਂਟ ਇੰਜੀਨੀਅਰ, ਇੰਜੀਨੀਅਰ ਵਰਿੰਦਰ ਪਾਠਕ, ਇੰਜੀਨੀਅਰ ਰਾਜ ਕੁਮਾਰ, ਐਸਡੀਓ ਸਿਵਲ, ਈ ਜਗਤਾਰ ਸਿੰਘ, ਐਸਡੀਓ ਨੇ ਵੀ ਸਾਰੇ ਕਰਮਚਾਰੀਆਂ ਨੂੰ ਇਸ ਪੰਦਰਵਾੜੇ ਵਿੱਚ ਉਤਸ਼ਾਹ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ। ਇਸ ਮੌਕੇ ਸ੍ਰੀ ਪੁਰਸ਼ੋਤਮ ਸਿੰਘ ਸੁਪਰਡੈਂਟ, ਸਤਪਾਲ ਸੈਣੀ ਜੇ.ਈ., ਵਿਸ਼ਾਲ ਰਾਣਾ ਜੇ.ਈ., ਦੀਪਕ ਸੈਣੀ ਜੇ.ਈ., ਉਮੇਸ਼ ਸੈਣੀ, ਮਹੇਸ਼ ਜੇ.ਈ., ਅਸ਼ੀਸ਼ ਕੁਮਾਰ, ਰਾਜੇਸ਼ ਕੁਮਾਰ ਨੇ ਆਪਣਾ ਵਿਸ਼ੇਸ਼ ਯੋਗਦਾਨ ਪਾਇਆ।



# ਧਾਰਮਿਕ ਪ੍ਰੀਖਿਆ ਵਿੱਚ ਅਵੱਲ ਆਉਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ



**ਹੁਸ਼ਿਆਰਪੁਰ (ਤਰਸੇਮ ਦੀਵਾਨਾ )**ਸਿੱਖ ਮਿਸ਼ਨਰੀ ਕਾਲਜ ਰਜਿ. ਲੁਧਿਆਣਾ ਵੱਲੋਂ ਹਰ ਸਾਲ ਨਵੰਬਰ ਮਹੀਨੇ ਵਿਚ ਸਾਲਾਨਾ ਧਾਰਮਿਕ ਪ੍ਰੀਖਿਆ ਵੱਖ ਵੱਖ ਸਕੂਲਾਂ ਵਿੱਚ ਕਰਵਾਈ ਜਾਂਦੀ ਹੈ ਅਤੇ ਬੱਚਿਆਂ ਨੂੰ ਉਤਸ਼ਾਹਤ ਕਰਨ ਵਾਸਤੇ ਚੰਗੇ ਨੰਬਰ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡੇ ਜਾਂਦੇ ਹਨ।

ਸਿੱਖ ਮਿਸ਼ਨਰੀ ਕਾਲਜ ਸਰਕਲ ਪੁਰਹੀਰਾਂ ਵੱਲੋਂ ਮਾਉਟ ਵਿਊ ਕਾਨਸੈਟ ਸਕੂਲ ਜਹਾਂਨ ਖੇਲਾ ਵਿਖੇ ਅਵੱਲ ਆਏ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ।ਮਾਊਟ ਵਿਊ ਕਨਸੈਂਟ ਸਕੂਲ ਦੇ ਵਿਦਿਆਰਥੀ ਗੁਰਮਾਨ ਸਿੰਘ, ਰੂਹਨੀ ਕੋਂਡਲ, ਅੰਸ਼ਦੀਪ ਸਿੰਘ, ਲਵਪ੍ਰੀਤ ਕੌਰ , ਜਸਕਰਨ, ਹਿਮਾਂਸ਼ੀ, ਡਿਪਾਸੀ ਆਦਿ ਨੇ ਚੰਗੇ ਨੰਬਰ ਲੈ ਕੇ ਇਨਾਮ ਪ੍ਰਾਪਤ ਕੀਤੇ।ਇਸ ਮੌਕੇ ਵਿਦਿਆਰਥੀਆਂ ਨੂੰ ਸਬੋਧਨ ਕਰਦਿਆਂ ਨਛੱਤਰ ਸਿੰਘ ਬ੍ਰਹਮਜੀਤ ਨੇ ਆਖਿਆ ਕਿ ਦੁਨਿਆਵੀ ਵਿਦਿਆ ਦੇ ਨਾਲ ਨਾਲ ਧਾਰਮਿਕ ਵਿਦਿਆ ਵੀ ਬਹੁਤ ਜਰੂਰੀ ਹੈ ਕਿਉਕਿ ਧਾਰਮਿਕ ਵਿਦਿਆ ਹੀ ਸਾਡੇ ਅੰਦਰ ਨੈਤਿਕ ਕਦਰਾਂ ਕੀਮਤਾਂ ਪੈਦਾ ਕਰਦੀ ਹੈ । ਜਿਸ ਨਾਲ ਮਨੁੱਖ ਦੇ ਅੰਦਰ ਸਦਾਚਾਰਕ ਗੁਣ ਪੈਦਾ ਹੁੰਦੇ ਹਨ । ਇਸ ਮੌਕੇ ਸਕੂਲ ਦੇ ਡਾਇਰੈਕਟਰ ਹਰਦੇਵ ਸਿੰਘ ਕੌਸਲ ਨੇ ਅਵੱਲ ਆਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਅਗਲੀ ਧਾਰਮਿਕ ਪ੍ਰੀਖਿਆ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਡਿਪਟੀ ਡਾਇਰੈਕਟਰ ਗੁਰਸੇਵਕ ਸਿੰਘ ਨੇ ਆਉਣ ਵਾਲੀ 2025 ਦੀ ਧਾਰਮਿਕ ਪ੍ਰੀਖਿਆ ਲਈ ਵੱਧ ਤੋ ਵੱਧ ਗਿਣਤੀ ਵਿਚ ਸਮੂਲੀਅਤ ਕਰਨ ਲਈ ਪ੍ਰੇਰਿਤ ਕੀਤਾ । ਇਸ ਮੌਕੇ ਹੋਰਨਾ ਤੋਂ ਇਲ-ਾਵਾ ਸਕੂਲ ਦੇ ਕੋਆਡੀਨੇਟ ਆਰਜੂ, ਵਾਇਸ ਪ੍ਰਿੰਸਪਲ ਸ਼ਿਲਪਾ ਕੁਮਾਰੀ , ਅਧਿਆਪਕ ਰਿਆ, ਸ਼ਾਇਲੀ , ਅੰਜਲੀ ਰਾਣੀ , ਲਵਦੀਪ , ਹਰਪ੍ਰੀਤ ਕੌਰ , ਨੀਲਮ ਆਦਿ ਹਾਜ਼ਰ ਸਨ।

**ਫੋਟੋ ਅਜਮੇਰ ਦੀਵਾਨਾ**

# ਦਸਵੀਂ ਦਾ ਨਤੀਜਾ ਸ਼ਾਨਦਾਰ ਰਿਹਾ







10ਵੀਂ ਜਮਾਤ ਦੇ ਹੋਣਹਾਰ ਵਿਦਿਆਰਥੀ ।

**ਕਪੂਰਥਲਾ(ਕੌੜਾ )** ਸੀ ਬੀ ਐੱਸ ਈ ਵੱਲੋਂ ਐਲਾਨੇ ਦੱਸਵੀਂ ਜਮਾਤ ਦੇ ਨਤੀਜੇ 'ਚ ਫਾਲਕਨ ਇੰਟਰਨੈਸ਼ਨਲ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅਤੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਵਾਇਸ ਪ੍ਰਿੰਸੀਪਲ ਰਵਿੰਦਰਜੀਤ ਕੌਰ ਨੇ ਦੱਸਿਆ ਕਿ ਜਸਮੀਤ ਕੌਰ ਨੇ 90 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲੇ, ਗੁਲਨੂਰ ਕੌਰ ਅਤੇ ਜੈਸਮੀਨ ਰਾਏ 85 ਫੀਸਦੀ ਅੰਕਾਂ ਨਾਲ ਸਾਂਝੇ ਤੌਰ 'ਤੇ ਦੂਜੇ ਅਤੇ ਤਨੀਸ਼ਕਾ 82 ਫੀਸਦੀ ਅੰਕਾਂ ਨਾਲ ਤੀਜੇ ਸਥਾਨ 'ਤੇ ਰਹੀ । ਜਦਕਿ ਹਰਸ਼ਿਤ ਅਰੋੜਾ ਨੇ 81 ਫੀਸਦੀ ਅੰਕ ਪ੍ਰਾਪਤ ਕਰਕੇ ਚੌਥਾ ਸਥਾਨ ਹਾਸਲ ਕਰਨ ਵਿਚ ਸਫਲ ਰਹੀ । ਅਦਾਰੇ ਦੇ ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋ ਅਤੇ ਮੈਨੇਜਿਗ ਡਾਇਰੈਕਟਰ ਮੈਡਮ ਨਵਦੀਪ ਕੌਰ ਢਿੱਲੋ ਨੇ ਹੋਣਹਾਰ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਸਟਾਫ਼ ਮੈਂਬਰਾਂ ਨੂੰ ਵਧਾਈ ਦਿੱਤੀ ।

# ਰਾਸ਼ਟਰੀ ਡੇਂਗੂ ਦਿਵਸ ਮੌਕੇ ਮਾਨਸਾ ਵਿੱਚ ਡੇਂਗੂ ਤੋਂ ਬਚਾਅ ਲਈ ਜਾਗਰੂਕਤਾ ਮੁਹਿੰਮ ਚਲਾਈ ਗਈ

**ਮਾਨਸਾ (ਸਮਾਜ ਵੀਕਲੀ)** ਸਿਹਤ ਵਿਭਾਗ ਦੇ ਨਿਰਦੇਸ਼ਾਂ ਤਹਿਤ ਸਿਵਲ ਸਰਜਨ ਡਾ. ਅਰਵਿੰਦਪਾਲ ਸਿੰਘ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਸ੍ਰੀ ਸੰਤੋਸ਼ ਭਾਰਤੀ ਦੀ ਨਿਗਰਾਨੀ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਵਿੱਚ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਗਈਆਂ। ਸੀਨੀਅਰ ਮੈਡੀਕਲ ਅਫ਼ਸਰ ਹਰਮਨਦੀਪ ਸਿੰਘ ਅਤੇ ਡਾ. ਬਲਜਿੰਦਰ ਕੌਰ ਦੀ ਅਗਵਾਈ ਵਿੱਚ ਬਲਾਕ ਖਿਆਲਾ ਕਲਾਂ ਅਧੀਨ ਪੈਂਦੇ ਇਲਾਕਿਆਂ ਵਿੱਚ 'ਹਰ ਸ਼ੁੱਕਰਵਾਰ ਡੇਂਗੂ ਤੇ ਵਾਰ' ਮੁਹਿੰਮ ਤਹਿਤ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਏ ਗਏ। ਸੀਐੱਚਸੀ ਖਿਆਲਾ ਕਲਾਂ ਵਿਖੇ ਕੇਵਲ ਸਿੰਘ ਬੀਈਈ ਨੇ ਦੱਸਿਆ ਕਿ ਡੇਂਗੂ ਏਡੀਜ਼ ਅਜਿਪਟੀ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਨੰਗਲ ਕਲਾਂ ਵਿੱਚ ਸਿਹਤ ਕਰਮਚਾਰੀ ਚਾਨਣ ਦੀਪ ਸਿੰਘ ਨੇ ਸਾਫ਼ ਪਾਣੀ ਵਿੱਚ ਮੱਛਰ ਪੈਦਾ ਹੋਣ ਤੋਂ



ਰੋਕਣ ਲਈ ਟੈਂਕੀਆਂ ਢੱਕ ਕੇ ਰੱਖਣ ਅਤੇ ਕੂਲਰ ਦਾ ਪਾਣੀ ਹਫ਼ਤੇ ਵਿੱਚ ਬਦਲਣ ਦੀ ਸਲਾਹ ਦਿੱਤੀ। ਭੈਣੀ ਬਾਘਾ ਵਿੱਚ ਸੁਖਪਾਲ ਸਿੰਘ ਸਿਹਤ ਸੁਪਰਵਾਈਜ਼ਰ ਨੇ ਡੇਂਗੂ ਤੋਂ ਬਚਾਅ ਲਈ ਜਾਗਰੂਕਤਾ ਨੂੰ ਅਹਿਮ ਦੱਸਿਆ। ਇਸ ਤੋਂ ਇਲਾਵਾ ਠੂਠਿਆਂਵਾਲੀ, ਭੀਖੀ, ਢੈਪਈ, ਸੱਦਾ ਸਿੰਘ ਵਾਲਾ, ਫਫੜੇ ਭਾਈਕੇ, ਚਕੇਰੀਆਂ, ਬੱਪੀਆਣਾ, ਖੋਖਰ ਕਲਾਂ, ਦਲੇਲ ਸਿੰਘ ਵਾਲਾ, ਬਰਨਾਲਾ, ਰੱਲਾ, ਕੋਟਲੀ ਕਲਾਂ, ਮਾਖਾ ਚਹਿਲਾਂ, ਜੋਗਾ ਅਤੇ ਗੁਰਥੜੀ ਸਮੇਤ ਕਈ ਪਿੰਡਾਂ ਵਿੱਚ ਸਿਹਤ ਕਰਮਚਾਰੀਆਂ ਨੇ ਉਸਾਰੀ ਸਾਈਟਾਂ ਅਤੇ ਸਲੱਮ ਖੇਤਰਾਂ ਦਾ ਦੌਰਾ ਕਰਕੇ ਲੋਕਾਂ ਨੂੰ ਡੇਂਗੂ ਤੋਂ ਬਚਾਅ ਬਾਰੇ ਜਾਣਕਾਰੀ ਦਿੱਤੀ ਅਤੇ ਪਾਣੀ ਦੇ ਭਾਂਡਿਆਂ ਦੀ ਜਾਂਚ ਕੀਤੀ। ਮੱਛਰ ਦਾ ਲਾਰਵਾ ਮਿਲਣ 'ਤੇ ਤੁਰੰਤ ਭਾਂਡੇ ਖਾਲੀ ਕਰਵਾਏ ਗਏ। ਪੇਂਡੂ ਸਿਹਤ ਸਫ਼ਾਈ ਕਮੇਟੀਆਂ ਦੀਆਂ ਮੀਟਿੰਗਾਂ ਅਤੇ ਸਕੂਲਾਂ ਵਿੱਚ ਵੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ। ਇਸ ਮੌਕੇ ਸਿਹਤ ਸੁਪਰਵਾਈਜ਼ਰ ਖੁਸ਼ਵਿੰਦਰ ਸਿੰਘ, ਜਗਦੀਸ਼ ਸਿੰਘ, ਲੀਲਾ ਰਾਮ, ਸਿਹਤ ਕਰਮਚਾਰੀ ਜਸਕਰਨ ਸਿੰਘ, ਪ੍ਰਦੀਪ ਸਿੰਘ, ਸੁਖਵਿੰਦਰ ਸਿੰਘ , ਲਵਦੀਪ ਸਿੰਘ, ਲਖਵੀਰ ਸਿੰਘ, ਮਨਦੀਪ ਸਿੰਘ, ਅਵਤਾਰ ਸਿੰਘ, ਗੁਰਪ੍ਰੀਤ ਸਿੰਘ, ਭੋਲਾ ਸਿੰਘ, ਮਨੋਜ ਕੁਮਾਰ, ਰਵਿੰਦਰ ਕੁਮਾਰ, ਸੁਖਵੀਰ ਸਿੰਘ, ਮੱਖਣ ਸਿੰਘ, ਗੁਰਦੀਪ ਸਿੰਘ, ਸਿਮਰਨਜੀਤ ਸਿੰਘ, ਯਾਦਵਿੰਦਰ ਸਿੰਘ, ਅਮਰਜੀਤ ਕੌਰ, ਰਮਨਦੀਪ ਕੌਰ ਆਦਿ ਹਾਜ਼ਰ ਸਨ।

# ਰੋਟਰੀ ਕਲੱਬ ਬੰਗਾ ਗਰੀਨ ਵਲੋਂ ਵਿਦਿਆਰਥੀਆਂ ਨੂੰ ਰਾਹਤ ਸਮੱਗਰੀ ਵੰਡੀ

**ਬੰਗਾ( ਚਰਨਜੀਤ ਸੱਲ੍ਹਾਂ )** ਰੋਟਰੀ ਕਲੱਬ ਬੰਗਾ ਗ੍ਰੀਨ ਅਤੇ ਸੇਵਾ ਟਰੱਸਟ ਯੂਕੇ ਵਲੋਂ ਵਿਸ਼ਵਕਰਮਾ ਕੰਪਿਊਟਰਜ਼ ਬੰਗਾ ਵਿਖੇ ਵਿਦਿਆਰਥੀਆਂ ਨੂੰ ਸ਼ੁੱਧਤਾ ਜਾਗ੍ਰਿਤੀ ਪ੍ਰੋਗਰਾਮ ਵਿਚ ਡਾਬਰ ਇੰਡੀਆ ਕੰਪਨੀ ਦੇ ਮੁਫਤ ਪ੍ਰੋਡਕਟ ਵੰਡੇ ਗਏ। ਰੋਟਰੀ ਕਲੱਬ ਬੰਗਾ ਗ੍ਰੀਨ ਦੇ ਪ੍ਰਧਾਨ ਦਿਲਬਾਗ ਸਿੰਘ ਬਾਗੀ ਵਲੋਂ ਬੱਚਿਆਂ ਨੂੰ ਜਾਗਰੂਕਤਾ ਪ੍ਰੋਗਰਾਮ ਵਿਚ ਹਮੇਸ਼ਾ ਸ਼ੁੱਧ ਚੀਜ਼ਾਂ ਵਰਤਣ ਲਈ ਕਿਹਾ ਅਤੇ ਬਾਜ਼ਾਰੀ ਫਾਸਟ ਫੂਡ ਨੂੰ ਘਟਾ ਕੇ ਹਰੀਆਂ ਸਬਜ਼ੀਆਂ ਦਾ ਵੱਧ ਸੇਵਨ ਕਰਨ ਤੇ ਜ਼ੋਰ ਦਿੱਤਾ। ਉਨ੍ਹਾਂ ਦੱਸਿਆ ਕਿ ਡਾਬਰ ਇੰਡੀਆ ਵਲੋਂ ਸੇਵਾ ਟਰੱਸਟ ਯੂਕੇ ਅਤੇ ਰੋਟਰੀ ਕਲੱਬ ਬੰਗਾ ਗ੍ਰੀਨ ਦੇ ਸਹਿਯੋਗ ਨਾਲ ਸ਼ੁੱਧਤਾ ਦੇ ਮੱਦੇਨਜ਼ਰ ਵਿਦਿਆਰਥੀਆਂ ਨੂੰ ਡਾਬਰ ਨਾਰੀਅਲ ਤੇਲ ਅਤੇ ਡਾਬਰ ਹਨੀਟਸ ਖੰਘ ਦੀ ਦਵਾਈ ਬਿਲਕੁਲ ਮੁਫਤ



ਵਿਚ ਵੰਡੀ ਜਾ ਰਹੀ ਹੈ। ਉਨ੍ਹਾਂ ਨੇ ਬੱਚਿਆਂ ਨੂੰ ਕੰਪਿਊਟਰ ਦੀ ਸਿੱਖਿਆ ਦੇ ਨਾਲ ਨਾਲ ਸਿਹਤ ਨੂੰ ਠੀਕ ਰੱਖਣ ਲਈ ਕਸਰਤ ਕਰਨ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ ਵਿਸ਼ਵਕਰਮਾ ਕੰਪਿਊਟਰਜ਼ ਬੰਗਾ ਦੇ ਡਾਇਰੈਕਟਰ ਅਮਰਦੀਪ ਸਿੰਘ ਅਤੇ ਮੈਡਮ ਕਵਲਜੀਤ ਕੌਰ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਮਿਲਾਵਟ ਖੋਰਾਂ ਉਤੇ ਇਰ-ਾਦਾ ਏ ਕਤਲ ਦਾ ਕੇਸ ਹੋਣਾ ਚਾਹੀਦਾ ਹੈ ਕਿਉਂਕਿ ਨਕਲੀ ਮਿਲਾਵਟੀ ਚੀਜ਼ ਖਾਣ ਨਾਲ ਇਨਸਾਨ ਦੀ ਜਾਨ ਵੀ ਜਾ ਸਕਦੀ ਹੈ। ਬਲਦੇਵ ਜਵੇਲਰ ਬੰਗਾ ਵਲੋਂ ਵੀ ਬੱਚਿਆਂ ਨੂੰ ਜਾਗਰੂਕ ਕਰਨ ਲਈ ਸਭ ਦੀ ਸ਼ਲਾਘਾ ਕੀਤੀ। ਇਸ ਮੌਕੇ ਵਿਸ਼ਵਕਰਮਾ ਕੰਪਿਊਟਰਜ਼ ਬੰਗਾ ਤੋਂ ਸਟਾਫ ਮੈਂਬਰ ਵੈਸ਼ਾਲੀ, ਲਿੱਲੀ, ਗੁਲਾਮ ਮੁਹੰਮਦ ਤੋਂ ਇਲਾਵਾ ਰੋਟੇ. ਜੀਵਨ ਦਾਸ ਕੋਸ਼ਲ ਸੈਕਟਰੀ, ਰੋਟੇ. ਗਗਨਦੀਪ ਸਿੰਘ ਚੀਫ ਮੈਨੇਜਰ ਪੀਐਨਬੀ, ਰਣਜੀਤ ਸਿੰਘ ਕੰਦੋਲਾ, ਸੁਖਵਿੰਦਰ ਸਿੰਘ ਧਾਮੀ, ਬਲਦੇਵ ਜਵੇਲਰ ਬੰਗਾ, ਹਰਪ੍ਰੀਤ ਸਿੰਘ ਸੈਣੀ ਆਦਿ ਹਾਜ਼ਿਰ ਸਨ।

# ਕੌਮੀ ਡੇਂਗੂ ਦਿਵਸ ਮਨਾਇਆ ਗਿਆ

**ਸੰਗਰੂਰ।** ਸਿਵਲ ਸਰਜਨ ਡਾਕਟਰ ਸੰਜੇ ਕਾਮਰਾ ਜੀ ਦੇ ਹੁਕਮਾਂ ਅਤੇ ਕਾਰਜਕਾਰੀ ਸੀਨੀਅਰ ਮੈਡੀਕਲ ਅਫਸਰ ਡਾਕਟਰ ਮਨੀਤਾ ਬਾਂਸਲ ਜੀ ,ਜਿਲ੍ਹਾ ਐਪੀਡੀਮੈਲੋਜਿਸਟ ਡਾਕਟਰ ਅਕਾਂਕਸ਼ਾ ਮਹਾਜਨ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਹੈਲਥ ਸੁਪਰਵਾਈਜ਼ਰ ਬਲਕਾਰ ਸਿੰਘ ਸੋਹੀ ਜੀ,ਚਮਕੌਰ ਸਿੰਘ ਜੀ ਦੀ ਅਗਵਾਈ ਵਿਚ ਪਿੰਡ ਭਿੰਡਰਾਂ ਵਿਖੇ ਕੌਮੀ ਡੇਂਗੂ ਦਿਵਸ ਮਨਾਇਆ ਗਿਆ। ਭਿੰਡਰਾਂ ਵਿੱਚ ਬਣੀ ਨਵੀਂ ਯੂ ਪਾਵਰ ਫੈਕਟਰੀ ਤੋਂ ਸ਼ੁਰੂਆਤ ਕੀਤੀ ਗਈ।ਡੇਂਗੂ ਤੋਂ ਬਚਣ ਦੇ ਉਪਾਅ, ਅਤੇ ਸਰਕਾਰੀ ਹਸਪਤਾਲਾਂ ਵਿੱਚ ਹੋ ਰਹੇ ਇਸ ਦੇ ਮੁਫ਼ਤ ਟੈਸਟ ਅਤੇ ਇਲਾਜ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਵਿਸ਼ਵ ਡੇਂਗੂ ਡੇ ਮਨਾਉਣ ਸਮੇਂ ਸਿਹਤ ਕਰਮਚਾਰੀ ਮਨਜਿੰਦਰ ਸਿੰਘ, ਰਵਿੰਦਰ ਸਿੰਘ ਇੰਦਰਜੀਤ ਸਿੰਘ, ਸਰਬਜੀਤ ਸਿੰਘ, ਅਤੇ ਸਕੂਲ ਦਾ ਸਟਾਫ ਮੌਜੂਦ ਸੀ ਲੋਕਾਂ ਨੂੰ ਇਹ ਜਾਣਕਾਰੀ ਵੱਧ ਤੋਂ ਵੱਧ ਫੈਲਾਉਣ ਲਈ ਕਿਹਾ ਗਿਆ ਲਇਸ ਐਕਟੀਵਿਟੀ ਨੂੰ ਕਰਵਾਉਣ ਦਾ ਮੰਤਵ ਡੇਂਗੂ ਬੁਖਾਰ ਤੋਂ ਬਚਾਅ ਸਬੰਧੀ ਜਾਗਰੂਕ ਕਰਨਾ ਹੈ। ਐਕਟੀਵਿਟੀ ਰਾਹੀਂ ਦੱਸਿਆ ਗਿਆ ਕਿ ਡੇਂਗੂ ਕਾਰਨ ਤੇਜ ਬੁਖਾਰ ਮਾਸਪੇਸ਼ੀਆਂ ਵਿਚ ਤੇਜ ਦਰਦ ਚਮੜੀ ਤੇ ਲਾਲ ਦਾਣੇ ਅਤੇ ਗੰਭੀਰ ਸਥਿਤੀ ਵਿੱਚ ਮਸੂੜੇ ਵਿਚੋਂ ਖ਼ੂਨ ਆਉਣਾ ਇਸਦੇ ਲੱਛਣ ਹਨ। ਅਜਿਹੀ





ਸਥਿਤੀ ਵਿੱਚ ਨੇੜੇ ਦੀ ਸਰਕਾਰੀ ਸਿਹਤ ਸੰਸਥਾ ਜਾਂ ਹਸਪਤਾਲ ਨਾਲ ਸੰਪਰਕ ਕੀਤਾ ਜਾਵੇ। ਖੜੇ ਪਾਣੀ ਨੂੰ ਹਫਤੇ ਵਿੱਚ ਇੱਕ ਵਾਰ ਜਰੂਰ ਸਾਫ ਕਰੋ, ਪੂਰੀ ਬਾਹਵਾਂ ਦੇ ਕੱਪੜੇ ਪਹਿਨੋ, ਮੱਛਰ ਦਾਨੀ ਅਤੇ ਮੱਛਰ ਵਾਲੀ ਕਰੀਮ ਵਰਤੋ। ਬੁਖਾਰ ਹੋਣ ਤੇ ਸਿਰਫ ਪੈਰਾਸਿਟਾਮੋਲ ਵਰਤੋ। ਟੁੱਟੇ ਬਰਤਨ, ਡ੍ਰਮ, ਟਾਇਰ ,ਖੁੱਲ੍ਹੇ ਵਿੱਚ ਨਾਂ ਰੱਖੋ। ਪਾਣੀ ਅਤੇ ਤਰਲ ਚੀਜ਼ਾਂ ਜਿਆਦਾ ਪੀਓ ਅਤੇ ਆਰਾਮ ਕਰੋ। ਇਸ ਦੌਰਾਨ ਪੈਂਫਲੈਂਟ ਵੀ ਵੰਡੇ ਗਏ।

**ਮਾਸਟਰ ਪਰਮ ਵੇਦ**
**9417422349**

# ਗਰੀਬ ਲੋਕਾਂ ਦੇ ਕੱਟੇ ਗਏ ਰਾਸ਼ਨ ਕਾਰਡ ਦੁਬਾਰਾ ਤੁਰੰਤ ਚਾਲੂ ਕੀਤੇ ਜਾਣ : ਜੱਸ ਕਲਿਆਣ ਰਾਵਣ

**ਹੁਸ਼ਿਆਰਪੁਰ /ਭੋਗਪੁਰ ( ਤਰਸੇਮ ਦੀਵਾਨਾ )** ਨਜ਼ਦੀਕੀ ਪਿੰਡ ਕਾਲਾ ਬੱਕਰਾ ਵਿਖੇ ਵਾਲਮੀਕਨ ਟਾਈਗਰ ਫੋਰਸ ਦੀ ਇੱਕ ਮੀਟਿੰਗ ਰੱਖੀ ਗਈ ਜਿਸ ਵਿੱਚ ਪਿੰਡ ਦੇ ਲੋਕਾਂ ਦੀਆਂ ਸਮੱਸਿਆਵਾਂ ਉੱਤੇ ਵਿਚਾਰ ਕੀਤਾ ਗਿਆ ਜਿਸ ਵਿੱਚ ਵਾਲਮੀਕਿ ਕਲੋਨੀ ਦਾ ਰਸਤਾ ਠੀਕ ਕਰਨਾ,ਜਿਹਨਾਂ ਗਰੀਬਾਂ ਦੇ ਕੋਲ ਛੱਤ ਨਹੀਂ ਹੈ ਜਾਂ ਬਾਲਿਆਂ ਦੀਆਂ ਛੱਤਾਂ ਹਨ ਉਹਦੇ ਵਾਰੇ ਸਰਕਾਰ ਦੇ ਧਿਆਨ ਵਿੱਚ ਲਿਆ ਕੇ ਹੱਲ ਕਰਵਾਉਣਾ ਅਤੇ ਜਿਹੜੇ ਗਰੀਬਾਂ ਦੇ ਰਾਜਨੀਤਿਕ ਅਤੇ ਰੰਜਿਸ਼ ਬਾਜੀ ਕਰਕੇ ਪੀਲੇ ਕਾਰਡ ਸਰਕਾਰ ਵੱਲੋਂ ਕੱਟ ਦਿੱਤੇ ਗਏ ਹਨ ਉਹ ਦੁਬਾਰਾ ਚਾਲੂ ਕਰਵਾਉਣੇ ਇਸ ਮੌਕੇ ਵਾਲਮੀਕਨ ਟਾਈਗਰ ਫੋਰਸ ਦੇ ਜਿਲਾ ਪ੍ਰਧਾਨ ਜੱਸ ਕਲਿਆਣ ਰਾਵਣ ਨੇ ਪੰਜਾਬ ਸਰਕਾਰ ਦੀ ਤਿਖੇ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਕਿਹਾ ਕਿ ਇਸੇ ਪਿੰਡ ਦੀ ਵਾਲਮੀਕਿ ਕਲੋਨੀ ਦਾ ਰਸਤਾ ਦੇਖਕੇ ਇੰਝ ਲੱਗਾ ਕਿ ਜਿਵੇਂ ਇਸ ਕਲੋਨੀ ਵਿੱਚ ਇਨਸਾਨ ਨਹੀਂ ਜਾਨਵਰ ਰਹਿੰਦੇ ਹੋਣ ਕਲੋਨੀ ਵਾਸੀਆਂ ਨੇ ਦੱਸਿਆ ਕਿ ਜਦੋਂ



ਬਾਰਿਸ਼ ਹੁੰਦੀ ਹੈ ਤਾਂ ਇਥੋਂ ਦੀ ਲੰਘਣਾ ਬਹੁਤ ਮੁਸ਼ਕਿਲ ਹੁੰਦਾ ਹੈ ਅਤੇ ਪਾਣੀ ਖੜਾ ਹੋ ਜਾਂਦਾ ਹੈ ਜਿਸ ਕਾਰਨ ਮੱਛਰ ਪੈਦਾ ਹੋ ਜਾਂਦਾ ਹੈ ਅਤੇ ਬਿਮਾਰੀਆਂ ਦਾ ਕਾਰਨ ਬਣਦਾ ਹੈ। ਉਹਨਾਂ ਕਿਹਾ ਕਿ ਜਿਹੜੇ ਗਰੀਬ ਲੋਕਾਂ ਨੂੰ ਰਾਸ਼ਨ ਮਿਲਣਾ ਚਾਹੀਦਾ ਸੀ ਉਹਨਾਂ ਦੇ ਰਾਸ਼ਨ ਕਾਰਡ ਕੱਟ ਦਿੱਤੇ ਗਏ ਹਨ ਜਿਹੜੇ ਘਰਾਂ ਤੋਂ ਤਗੜੇ ਲੋਕ ਹਨ ਉਨ੍ਹਾਂ ਨੂੰ ਰਾਸ਼ਨ ਦਿੱਤਾ ਜਾ ਰਿਹਾ ਹੈ ! ਉਹਨਾਂ ਕਿਹਾ ਕਿ ਇਹਨਾਂ ਮੁੱਦਿਆਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਵਾਲਮੀਕਨ ਟਾਈਗਰ ਫੋਰਸ ਵਲੋਂ ਪਿੰਡ ਦੇ ਲੋਕਾਂ ਨੂੰ ਨਾਲ ਲੈਕੇ ਡੀਸੀ ਜਲੰਧਰ ਨੂੰ ਮੰਗ ਪੱਤਰ ਦਿੱਤਾ ਜਾਵੇਗਾ ਜਿਸ ਵਿੱਚ ਮੰਗ ਕੀਤੀ ਜਾਵੇਗੀ ਕਿ ਕਲੋਨੀ ਦੇ ਟੁੱਟੇ ਹੋਏ ਰਸਤੇ ਨੂੰ ਤੁਰੰਤ ਬਣਾਇਆ ਜਾਵੇ ਕਲੋਨੀ ਵਿੱਚ ਲਾਈਟਾਂ ਲਗਾਈਆਂ ਜਾਣ ਕਲੋਨੀ ਵਿੱਚੋ ਪਾਣੀ ਦਾ ਨਿਕਾਸ ਕੀਤਾ ਜਾਵੇ ਅਤੇ ਲੋਕਾਂ ਨੂੰ ਆਵਾਸ ਯੋਜਨਾ ਤਹਿਤ ਨਵੇਂ ਮਕਾਨ ਬਣਾਕੇ ਦਿੱਤੇ ਜਾਣ ਅਤੇ ਜਿਹੜੇ ਲੋਕਾਂ ਰਾਸਨ ਕਾਰਡ ਕੱਟੇ ਗਏ ਹਨ ਉਨ੍ਹਾਂ ਦੇ ਰਾਸ਼ਨ ਕਾਰਡ ਦੁਬਾਰਾ ਲਿਸਟ ਵਿੱਚ ਚੜਾਏ ਜਾਣ ਤਾਂ ਜੋ ਗਰੀਬ ਲੋਕ ਇਸ ਦਾ ਲਾਹਾ ਲੈ ਸਕਣ। ਇਸ ਸਮੇ ਸਾਂਝਾ ਮੋਰਚਾ ਯੂਥ ਪੰਜਾਬ ਪ੍ਰਧਾਨ ਬਿਸ਼ਨ ਬਹਿਰਾਮ ਨੇ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਅਗਰ ਕਲੋਨੀ ਵਾਸੀਆਂ ਦੀਆ ਮੁਸ਼ਕਲਾਂ ਦਾ ਤੁਰੰਤ ਹੱਲ ਨਾ ਕੀਤਾ ਤਾ ਫੋਰਸ ਵਲੋਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਗੁਰਵਿੰਦਰ ਸਿੰਘ ਵਾਲਮੀਕਨ ਫੋਰਸ, ਜਿਲਾ ਵਾਈਸ ਪ੍ਰਧਾਨ ਸੁਖਦੇਵ ਸਿੰਘ ਭੰਗੂ, ਸੋਹਣ ਲਾਲ ਸਿੱਧੂ, ਸੁਰਿੰਦਰ ਪਾਲ , ਬਲਵੀਰ ਰਾਮ ਗਿੱਲ, ਸੋਨੂ, ਅਮਰ, ਬੱਬਲੀ, ਕੁਲਵਿੰਦਰ ਕੌਰ, ਪਰਮਜੀਤ ਪੰਮਾ, ਵਨੀ ਕੁਮਾਰ, ਸਾਗਰ ਸਿੱਧੂ ਆਦਿ ਹਾਜ਼ਰ ਸਨ।

**ਫੋਟੋ ਅਜਮੇਰ ਦੀਵਾਨਾ**

# ਹੁਸ਼ਿਆਰਪੁਰ ਵਿਖੇ ਰਾਸ਼ਟਰੀ ਡੇਂਗੂ ਦਿਵਸ ਮਨਾਇਆ

**ਹੁਸ਼ਿਆਰਪੁਰ (ਤਰਸੇਮ ਦੀਵਾਨਾ)**–ਪੰਜਾਬ ਸਰਕਾਰ ਦੇ ਹੁਕਮਾਂ, ਸਿਵਲ ਸਰਜਨ ਡਾ ਪਵਨ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾਕਟਰ ਜਗਦੀਪ ਸਿੰਘ ਜੀ ਜ਼ਿਲ੍ਹਾ ਐਪੀਡੀਮੋਲੋਜਿਸਟ ਦੀ ਯੋਗ ਅਗਵਾਈ ਵਿੱਚ ਅੱਜ " ਰਾਸ਼ਟਰੀ ਡੇਂਗੂ ਦਿਵਸ" ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੇਲਵੇ ਮੰਡੀ ਹੁਸ਼ਿਆਰਪੁਰ ਅਤੇ ਪਿੱਪਲਾਂਵਾਲਾ ਵਿਖੇ ਸਫਲਤਾਪੂਰਵਕ ਮਨਾਇਆ ਗਿਆ। ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਇਸ ਦਿਨ ਦੀ ਮਹੱਤਤਾ ਬਾਰੇ ਦੱਸਦਿਆਂ ਹੈਲਥ ਇੰਸਪੈਕਟਰ ਬਸੰਤ ਕੁਮਾਰ ਨੇ ਕਿਹਾ ਕਿ ਇਸ ਦਿਨ ਨੂੰ ਮਨਾਉਣ ਦਾ ਕਾਰਨ ਪਬਲਿਕ ਨੂੰ ਡੇਂਗੂ ਮੱਛਰਾਂ ਦੇ ਦੁਸ਼ ਪ੍ਰਭਾਵਾਂ ਅਤੇ ਇਸ ਤੋਂ ਬਚਾਅ ਦੇ ਢੰਗ ਤਰੀਕੇ ਬਾਰੇ ਜਾਗਰੁਕ ਕਰਨਾ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਚਾਹੁੰਦੀ ਹੈ ਕਿ ਆਮ ਲੋਕਾਂ ਨੂੰ ਡੇਂਗੂ ਕਾਰਨ ਹੋਣ ਵਾਲੀ ਆਰਥਿਕ ਹਾਨੀ ਅਤੇ



ਸਿਹਤ ਤੇ ਇਸ ਦੇ ਮਾੜੇ ਪ੍ਰਭਾਵਾਂ ਤੋਂ ਬਚਾਅ ਬਾਰੇ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ। ਹੈਲਥ ਇੰਸਪੈਕਟਰ ਰਾਕੇਸ਼ ਕੁਮਾਰ ਨੇ ਵਿਦਿਅਰਥੀਆਂ ਨੂੰ ਦੱਸਿਆ ਕਿ ਡੇਂਗੂ ਬੁਖ਼ਾਰ ਮਾਦਾ ਮੱਛਰ ਏਡੀਜ਼ ਇਜੈਪਟੀ ਦੇ ਕਾਰਨ ਫੈਲਦਾ ਹੈ ਜੋ ਸਾਡੇ ਘਰਾਂ ਵਿੱਚ ਮੌਜੂਦ ਸਾਫ, ਖੜ੍ਹੇ ਅਤੇ ਖੁੱਲ੍ਹੇ ਪਾਣੀ ਵਿਚ ਵੱਡੀ ਮਾਤਰਾ ਵਿਚ ਪੈਦਾ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਘਰਾਂ ਵਿੱਚ ਮੌਜੂਦ ਕੰਟੇਨਰਾਂ ਜਿਵੇਂ ਕੂਲਰ, ਫਰਿਜ਼ ਦੀ ਪਿਛਲੀ ਟਰੇਅ, ਗਮਲੇ, ਟਾਇਰ, ਟੁੱਟੇ ਫੁੱਟੇ ਬਰਤਨ, ਟੈਂਕੀਆਂ ਆਦਿ ਦੀ ਨਿਯਮਤ ਸਫ਼ਾਈ ਕੀਤੀ ਜਾਵੇ ਅਤੇ ਪਾਣੀ ਨੂੰ ਢੱਕ ਕੇ ਰੱਖਿਆ ਜਾਵੇ। ਬੁਖ਼ਾਰ ਹੋਣ ਤੇ ਹਸਪਤਾਲ ਵਿੱਚ ਫ੍ਰੀ ਇਲਾਜ ਕਰਵਾਉਣਾ ਚਾਹੀਦਾ ਹੈ ਅਤੇ ਬਰੂਫਿਨ, ਐਸਪਰਿਨ ਗੋਲੀਆਂ ਦਾ ਸੇਵਨ ਨਹੀਂ ਕਰਨਾ ਚਾਹੀਦਾ। ਦਿਨ ਵੇਲੇ ਪੂਰੀ ਬਾਜ਼ੂ ਦੇ ਕੱਪੜੇ ਪਹਿਨ ਕੇ ਰੱਖਣੇ ਚਾਹੀਦੇ ਹਨ ਅਤੇ ਮੱਛਰ ਭਜਾਊ ਕਰੀਮਾਂ, ਤੇਲ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪਬਲਿਕ ਦੇ ਸਹਿਯੋਗ ਤੋਂ ਬਿਨਾਂ ਅਸੀਂ ਡੇਂਗੂ ਵਿਰੁੱਧ ਲੜਾਈ ਨਹੀਂ ਜਿੱਤ ਸਕਦੇ। ਇਸ ਮੌਕੇ ਸਿਹਤ ਵਿਭਾਗ ਤੋਂ ਸ੍ਰੀ ਸੁਰਿੰਦਰ ਕਲਸੀ, ਗੁਰਦੀਪ ਸਿੰਘ, ਨਰੇਸ਼ ਕੁਮਾਰ ਅਤੇ ਤਜਿੰਦਰ ਸਿੰਘ ਵੀ ਹਾਜ਼ਰ ਸਨ।

# ਚੌਥੀ ਵਾਰ ਪਾਰਟੀ ਦਾ ਪ੍ਰਧਾਨ ਬਣਾਉਣ ਤੇ ਧੰਨਵਾਦ: ਐਡਵੋਕੇਟ ਘਈ

**ਰੋਪੜ( ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਰੋਪੜ ਦੇ ਚੌਥੀ ਵਾਰ ਜਿਲ੍ਹਾ ਪ੍ਰਧਾਨ ਬਣਨ ਤੇ ਐਡਵੋਕੇਟ ਚਰਨਜੀਤ ਸਿੰਘ ਘਈ ਨੇ ਆਪਣੀ ਪ੍ਰਤੀ ਕਿਰਿਆ ਦਿੰਦਿਆਂ ਕਿਹਾ ਕਿ ਮੈਂ ਮਾਨਿਆਵਰ ਰਣਧੀਰ ਸਿੰਘ ਬੈਨੀਵਾਲ ਨੈਸ਼ਨਲ ਜਨਰਲ ਸਕੱਤਰ, ਸ੍ਰੀ



ਵਿਪਲ ਕੁਮਾਰ ਇੰਚਾਰਜ ਪੰਜਾਬ ਅਤੇ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਬਸਪਾ ਪ੍ਰਧਾਨ ਪੰਜਾਬ ਜੀ ਦੇ ਦਿਸ਼ਾ ਨਿਰਦੇਸ਼ ਤਹਿਤ ਸੂਬਾ ਇੰਚਾਰਜ ਅਜੀਤ ਸਿੰਘ ਭੈਣੀ, ਸੂਬਾ ਜਨਰਲ ਸਕੱਤਰ ਰਜਿੰਦਰ ਸਿੰਘ ਨਨਹੇੜੀਆ ਵਲੋਂ ਮੈਨੂੰ ਜਿਲ੍ਹਾ ਰੂਪਨਗਰ ਦਾ ਜਿਲਾ ਪ੍ਰਧਾਨ ਲਗਾਇਆ ਗਿਆ ਹੈ। ਮੈਂ ਸਮੁੱਚੀ ਲੀਡਰਸ਼ਿਪ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ ਅਤੇ ਪਾਰਟੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਪੰਜਾਬ ਦੀ ਰਾਜ ਸੱਤਾ ਹਾਸਲ ਕਰਨ ਲਈ ਦਿਨ ਰਾਤ ਇਕ ਕਰਾਂਗੇ।

# ਸੰਗਰੂਰ ਵਿਖੇ ਆਦਿਵਾਸੀਆਂ ਦੇ ਕਤਲੇਆਮ ਵਿਰੁੱਧ ਸੂਬਾਈ ਕਨਵੈਨਸ਼ਨ ਅਤੇ ਮੁਜ਼ਾਹਰਾ 22 ਮਈ ਨੂੰ

## ਜਮਹੂਰੀ ਹੱਕਾਂ ਦੀ ਝੰਡਾਬਰਦਾਰ ਡਾ. ਨਵਸ਼ਰਨ ਹੋਣਗੇ ਮੁੱਖ ਵਕਤਾ

**ਸੰਗਰੂਰ।** ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਸੂਬਾਈ ਕਨਵੀਨਰਾਂ ਡਾ.ਪਰਮਿੰਦਰ, ਪ੍ਰੋਫੈਸਰ ਏ.ਕੇ.ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਦੱਸਿਆ ਕਿ ਬਸਤਰ ਅਤੇ ਹੋਰ ਆਦਿਵਾਸੀ ਇਲਾਕਿਆਂ ਅੰਦਰ ਨਕਸਲਵਾਦ ਨੂੰ ਖ਼ਤਮ ਕਰਨ ਦੇ ਨਾਂ ਹੇਠ ਕੀਤੇ ਜਾ ਰਹੇ ਵਹਿਸ਼ੀਆਨਾ ਕਤਲੇਆਮ ਵਿਰੁੱਧ ਆਵਾਜ਼ ਉਠਾਉਣ ਲਈ 22 ਮਈ ਨੂੰ ਪਰਲ ਪੈਲੇਸ ( ਨੇੜੇ ਬਰਨਾਲਾ ਕੈਂਚੀਆਂ ) ਸੰਗਰੂਰ ਵਿਖੇ ਸਵੇਰੇ 10 ਵਜੇ ਸੂਬਾਈ ਕਨਵੈਨਸ਼ਨ ਕਰਨ ਉਪਰੰਤ ਜ਼ੋਰਦਾਰ ਮੁਜ਼ਾਹਰਾ ਕੀਤਾ ਜਾਵੇਗਾ। ਸਮਾਗਮ ਦੇ ਮੁੱਖ ਵਕਤਾ ਜਮਹੂਰੀ ਹੱਕਾਂ ਦੀ ਪਹਿਰੇਦਾਰ ਨਾਮਵਰ ਸ਼ਖ਼ਸੀਅਤ ਡਾ. ਨਵਸ਼ਰਨ ਹੋਣਗੇ। ਆਗੂਆਂ ਨੇ ਕਿਹਾ ਕਿ ਮਾਓਵਾਦੀ ਅਤੇ ਹੋਰ ਹਥਿਆਰਬੰਦ ਲਹਿਰਾਂ ਦੇ ਰੂਪ 'ਚ ਭਾਰਤੀ ਸਟੇਟ ਨਾਲ ਹਥਿਆਰਬੰਦ ਟਕਰਾਅ ਨੰਗੇ ਅਨਿਆਂ ਅਤੇ ਘੋਰ ਨਾਬਰਾਬਰੀ 'ਤੇ ਆਧਾਰਤ ਮੌਜੂਦਾ ਰਾਜਨੀਤਕ ਪ੍ਰਬੰਧ ਦੀ ਲੋਕ ਵਿਰੋਧੀ ਕਾਰਗੁਜ਼ਾਰੀ ਦਾ



ਨਤੀਜਾ ਹੈ। ਜਿਸ ਨੂੰ ਰਾਜਨੀਤਕ ਮਸਲੇ ਵਜੋਂ ਲੈ ਕੇ ਬੁਨਿਆਦੀ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਭਾਰਤੀ ਹੁਕਮਰਾਨ ਜੰਗਲੀ-ਪਹਾੜੀ ਇਲਾਕਿਆਂ ਨੂੰ ਸੁਰੱਖਿਆ ਬਲਾਂ ਦੀ ਵਿਆਪਕ ਛਾਉਣੀ ਬਣਾ ਕੇ ਅਤੇ 'ਓਪਰੇਸ਼ਨ ਕਗਾਰ' ਵਰਗੇ ਨੀਮ-ਫ਼ੌਜੀ ਓਪਰੇਸ਼ਨ ਚਲਾਕੇ ਸੰਘਰਸ਼ਸ਼ੀਲ ਦੱਬੇ ਕੁਚਲੇ ਲੋਕਾਂ ਦੀਆਂ ਲਾਸ਼ਾਂ ਵਿਛਾਉਣ ਦੀ ਨੀਤੀ 'ਤੇ ਚੱਲ ਰਹੇ ਹਨ। ਇਹ ਦਰਅਸਲ, ਕੁਦਰਤੀ ਵਸੀਲਿਆਂ ਨਾਲ ਭਰਪੂਰ ਜੰਗਲੀ-ਪਹਾੜੀ ਇਲਾਕਿਆਂ ਅਤੇ ਹੋਰ ਜ਼ਮੀਨਾਂ ਉੱਪਰ ਕਾਰ-ਪੋਰੇਟ ਪ੍ਰੋਜੈਕਟ ਥੋਪਣ ਦੀ ਲੋਕ ਵਿਰੋਧੀ ਸਾਜ਼ਿਸ਼ ਹੈ ਅਤੇ ਇਸ 'ਵਿਕਾਸ' ਮਾਡਲ ਰਾਹੀਂ ਕਿਸਾਨਾਂ ਮਜ਼ਦੂਰਾਂ ਦੇ ਉਜਾੜੇ ਦਾ ਖ਼ਤਰਾ ਪੰਜਾਬ ਵਰਗੇ ਖੇਤਰਾਂ ਉੱਪਰ ਵੀ ਮੰਡਲਾ ਰਿਹਾ ਹੈ। ਪੰਜਾਬ ਵਿਚ ਇਨ੍ਹਾਂ ਨੀਤੀਆਂ ਅਤੇ ਲੋਕ ਵਿਰੋਧੀ ਪ੍ਰੋਜੈਕਟਾਂ ਦੇ ਹਮਲੇ ਦੇ ਸਰੋਕਾਰ ਦੇ ਮੱਦੇਨਜ਼ਰ ਆਦਿਵਾਸੀਆਂ ਅਤੇ ਉਨ੍ਹਾਂ ਦੇ ਹਿੱਤਾਂ ਲਈ ਜੂਝਦੇ ਇਨਕਲਾਬੀਆਂ ਦੇ ਕਤਲੇਆਮ ਵਿਰੁੱਧ ਜਨਤਕ ਜਮਹੂਰੀ ਆਵਾਜ਼ ਦਾ ਉੱਠਣਾ ਸਮੇਂ ਦੀ ਅਹਿਮ ਮੰਗ ਹੈ।

ਉਨ੍ਹਾਂ ਦੱਸਿਆ ਕਿ ਇਸ ਜਮਹੂਰੀ ਇਕੱਠ ਦੀ ਕਾਮਯਾਬੀ ਲਈ ਵੱਖ-ਵੱਖ ਇਲਾਕਿਆਂ ਵਿਚ ਸੰਪਰਕ ਮੁਹਿੰਮ ਚਲਾ ਕੇ ਬੁੱਧੀਜੀਵੀਆਂ, ਲੇਖਕਾਂ, ਕਲਾਕਾਰਾਂ, ਰੰਗਕਰਮੀਆਂ, ਵਕੀਲਾਂ, ਪੱਤਰਕਾਰਾਂ ਸਮੇਤ ਪੰਜਾਬ ਦੀਆਂ ਸਮੂਹ ਲੋਕਪੱਖੀ ਤਾਕਤਾਂ ਨੂੰ ਇਸ ਜਾਬਰ ਹਮਲੇ ਵਿਰੁੱਧ ਆਵਾਜ਼ ਉਠਾਉਣ ਅਤੇ ਸੂਬਾਈ ਇਕੱਠ ਨੂੰ ਕਾਮਯਾਬ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ।

# "ਪੰਜਾਬ ਸੰਭਾਲੋ ਮੁਹਿੰਮ" ਦੇ ਤਹਿਤ ਪੰਜਾਬ ਨੂੰ ਨਸ਼ਾ ਮੁਕਤ ਕਰਵਾਉਣ ਲਈ ਬਸਪਾ ਉਤਰੇਗੀ ਸੜਕਾਂ ਤੇ... ਐਡਵੋਕੇਟ ਪਲਵਿੰਦਰ ਮਾਨਾ

**ਚੱਬੇਵਾਲ (ਚਰਨਜੀਤ ਸੱਲ੍ਹਾਂ )** ਮਿਤੀ 15/5/2025 ਨੂੰ ਪਿੰਡ ਲਲਵਾਨ ਹਲਕਾ ਚੱਬੇਵਾਲ ਵਿਖੇ "ਪੰਜਾਬ ਸੰਭਾਲੋ ਮੁਹਿੰਮ" ਦੇ ਤਹਿਤ ਮੀਟਿੰਗ ਕੀਤੀ ਗਈ, ਜਿਸ ਵਿਚ ਵਿਸ਼ੇਸ਼ ਤੋਰ ਤੇ ਐਡਵੋਕੇਟ ਪਲਵਿੰਦਰ ਮਾਨਾ ਜੀ ਜਿਲ੍ਹਾ ਇੰਚਾਰਜ / ਇੰਚਾਰਜ ਹਲਕਾ ਚੱਬੇਵਾਲ ਜੀ ਪੁਹੰਚੇ, ਉਨ੍ਹਾਂ ਦੇ ਨਾਲ ਰਾਕੇਸ਼ ਕਿੱਟੀ ਜੀ ਸੀਨੀਅਰ ਬਸਪਾ ਆਗੂ ਵੀ ਪੁਹੰਚੇ, ਆਗੂ ਸਹਿਬਾਨਾਂ ਨੇ ਦਸਿਆ ਕੀ ਬਹੁਜਨ ਸਮਾਜ ਪਾਰਟੀ ਮਿਤੀ 22-05-2025 ਨੂੰ ਡਰੱਗ ਮਾਫ਼ੀਆਂ / ਨਸ਼ਾ ਤਸਕਰਾਂ ਦੇ ਖਿਲਾਫ ਸੜਕਾ ਤੇ ਉਤਰੇਗੀ। ਇਹ ਪ੍ਰੋਗਰਾਮ ਸ਼ਹੀਦ ਊਧਮ ਸਿੰਘ ਪਾਰਕ ਹੁਸ਼ਿਆਰਪੁਰ ਤੋਂ ਠੀਕ 11.00 ਓਮ ਆਰੰਭ ਕੀਤਾ ਜਾਵੇਗਾ ਜਿਸ ਦੌਰਾਨ ਪੰਜਾਬ ਸਰਕਾਰ ਅਤੇ ਡਰੱਗ ਮਾਫ਼ੀਆਂ ਦੇ ਖਿਲਾਫ ਸੜਕਾ ਤੇ ਉਤਰ ਕੇ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਹਲਕਾ ਮਜੀਠਾ ਵਿਚ ਦੋ ਨੰਬਰੀ ਸ਼ਰਾਬ ਨਾਲ ਹੋਈਆਂ 25 ਤੋਂ ਵੱਧ ਮੌਤਾਂ ਸਬੰਧੀ ਅਤੇ ਮਰਨ ਵਾਲਿਆਂ ਦੇ ਪਰਿਵਾਰਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦਵਾਉਣ ਦੀ



ਮੰਗ ਕੀਤੀ ਜਾਵੇਗੀ। ਐਡਵੋਕੇਟ ਪਲਵਿੰਦਰ ਮਾਨਾ ਜੀ ਨੇ ਦਸਿਆ ਮਾਣਯੋਗ ਡਾ ਅਵਤਾਰ ਸਿੰਘ ਕਰੀਮਪੁਰੀ ਜੀ ਪੰਜਾਬ ਪ੍ਰਧਾਨ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਸੰਭਾਲੋ ਮੁਹਿੰਮ ਦੇ ਤਹਿਤ ਬਸਪਾ ਪੰਜਾਬ ਦੇ ਸਾਰੇ ਜਿਲਿਆ ਵਿੱਚੋ ਨਸ਼ਾ ਖਤਮ ਕਰਨ ਲਈ ਪੂਰੇ ਪੰਜਾਬ ਅੰਦਰ ਮਿਤੀ 22-5-2025 ਨੂੰ ਸੜਕਾ ਤੇ ਉਤਰੇਗੀ। ਇਸ ਦੌਰਾਨ ਆਪਣੀ ਗੱਲ ਕਰਦਿਆ ਮਾਨਾ ਜੀ ਨੇ ਸਾਰੇ ਪੰਜਾਬੀਆਂ ਨੂੰ ਖੁੱਲਾ ਸੱਦ੍ਹਾ ਦੀਤਾਂ ਹੈ ਕੀ ਆਓ ਸਾਰੇ ਇਕਜੁੱਟ ਹੋ ਕੇ ਪੰਜਾਬ ਦੀ ਜਵਾਨੀ ਅਤੇ ਪਜਾਬੀਅਤ ਨੂੰ ਬੱਚਾਯੀਏ ਅਤੇ ਪੰਜਾਬ ਨੂੰ ਨਸ਼ਾ ਮੁਕਤ ਕਰੀਏ। ਇਸ ਮੌਕੇ ਐਡਵੋਕੇਟ ਮਾਨਾ ਜੀ ਨੇ ਪਿੰਡ ਲਲਵਾਨ ਦੇ ਸਾਰੇ ਸਾਥੀਆਂ ਨੂੰ ਬੱਡੀ ਗਿਣਤੀ ਵਿਚ ਆਉਣ ਦੀ ਅਪੀਲ ਕੀਤੀ ਅਤੇ ਮੌਕੇ ਤੇ ਬਸਪਾ ਦਾ ਯੂਨਿਟ ਬਣੌਦੇ ਹੋਏ ਬੂਥ ਕਮੇਟੀ ਦਾ ਗਠਨ ਕੀਤਾ। ਇਸ ਮੌਕੇ ਹਾਜਰ ਸਾਥੀਆਂ ਵਿਚ ਵਿਕੀ ਬੰਗਾ ਬੀ ਵੀ ਐਫ ਇੰਚਾਰਜ, ਬਲਵੰਤ ਸਹਿਗਲ ਅਰਗਨੈਂਜਿੰਗ ਸਕੱਤਰ, ਰਾਜੇਸ਼ ਬੂੰਨੋ ਹਲਕਾ ਖਜਾਨਚੀ, ਨਰਿੰਦਰ ਲਾਲਵਾਨ, ਸੁਰਿੰਦਰ ਪਾਲ, ਜਗਦੀਸ਼ ਜੱਗਾ ਅਤੇ ਬੂਥ ਕਮੇਟੀ ਦੇ ਮੇਂਬਰ ਅਤੇ ਪਿੰਡ ਵਾਸੀ ਹਾਜਰ ਸਨ।

# ਸੱਭਿਆਚਾਰਕ "ਮੇਲਾ ਖੋਜਕੀਪੁਰ ਦਾ" 21 ਅਤੇ 22 ਨੂੰ - ਸਾਈਂ ਲੱਕੀ ਸ਼ਾਹ

## ●ਛਿੰਝ ਮੇਲਾ, ਡਰਾਮਾ, ਕਵਾਲੀਆਂ ਅਤੇ ਸੱਭਿਆਚਾਰਕ ਅਖਾੜਾ●ਲਾਡੀ ਸੰਧੂ ਕਨੇਡਾ ਸਮੇਤ ਵਿਦੇਸ਼ਾਂ ਦੀ ਸੰਗਤ ਵਿੱਚ ਮੇਲੇ ਲਈ ਭਾਰੀ ਉਤਸ਼ਾਹ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)**-ਧੰਨ ਧੰਨ ਸਾਈਂ ਬਾਬਾ ਫ਼ਕੀਰੇ ਸ਼ਾਹ ਜੀ ਦਾ 21ਵਾਂ ਸਲਾਨਾ ਛਿੰਝ ਅਤੇ ਸੱਭਿਆਚਾਰਕ ਜੋੜ ਮੇਲਾ 21 ਅਤੇ 22 ਮਈ ਬੁੱਧਵਾਰ ਵੀਰਵਾਰ ਨੂੰ ਪਿੰਡ ਖੋਜਕੀਪੁਰ ( ਸਲਾਲਾ ) ਆਦਮਪੁਰ ਭੋਗਪੁਰ ਜੀ ਟੀ ਰੋਡ ਜ਼ਿਲ੍ਹਾ ਜਲੰਧਰ ਵਿਖੇ ਹਰ ਸਾਲ ਦੀ ਤਰ੍ਹਾਂ ਨਾਲ ਕਰਵਾਇਆ ਜਾ ਰਿਹਾ ਹੈ । ਇਸ ਕਰਵਾਏ ਜਾ ਰਹੇ ਦੋ ਦਿਨਾਂ ਵਿਸ਼ਾਲ ਧਾਰਮਿਕ ਮੇਲੇ ਦੀ ਜਾਣਕਾਰੀ ਦਿੰਦਿਆਂ ਲਾਡੀ ਸੰਧੂ ਕਨੇਡਾ , ਬੌਬੀ ਨਾਜਕਾ (ਧਰੁੱਬ ਹੌਲੀਡੇ ਡੀਂਗਰੀਆਂ) ਨੇ ਦੱਸਿਆ ਕਿ ਸਲਾਨਾ ਜੋੜ ਮੇਲਾ ਸਾਈਂ ਲੱਕੀ ਸ਼ਾਹ ਜੀ ਦੀ ਸਰਪ੍ਰਸਤੀ ਹੇਠ ਹਰ ਸਾਲ ਦੀ ਤਰ੍ਹਾਂ ਕਰਵਾਇਆ ਜਾਵੇਗਾ । ਜਿਸ ਦੀਆਂ ਪ੍ਰਮੁੱਖ ਰਸਮਾਂ ਨੂੰ ਧਾਰਮਿਕ ਰੀਤੀ ਰਿਵਾਜਾਂ ਸਹਿਤ ਅਦਾ ਕੀਤਾ ਜਾਵੇਗਾ। 21 ਮਈ ਨੂੰ ਸ਼ਾਮ ਤਿੰਨ ਵਜੇ ਵਿਸ਼ਾਲ ਕੁਸ਼ਤੀ ਦੰਗਲ ਹੋਵੇਗਾ । ਜਿਸ ਵਿੱਚ ਪੰਜਾਬ ਭਰ ਤੋਂ ਉੱਘੇ ਅਖਾੜਿਆਂ ਦੇ ਪਹਿਲਵਾਨ ਕੁਸ਼ਤੀ ਦੰਗਲ ਵਿੱਚ ਸ਼ਾਮਿਲ ਹੋਣਗੇ। ਜਿਨ੍ਹਾਂ ਨੂੰ ਦਿਲਕਸ਼ ਇਨਾਮਾਂ ਨਾਲ ਸਨਮਾਨਿਤ ਕੀਤਾ ਜਾਵੇਗਾ । ਕੁਸ਼ਤੀ ਦਾ ਪਹਿਲਾ ਇਨਾਮ ਸਪਲੈਂਡਰ ਮੋਟਰਸਾਈਕਲ ਹੋਵੇਗਾ ਅਤੇ ਦੂਸਰਾ ਇਨਾਮ ਹ 41000 ਦੀ ਨਗਦੀ ਦਾ ਹੋਵੇਗਾ । 22 ਮਈ ਰਾਤ ਨੂੰ 9 ਵਜੇ ਡਰਾਮਾ ਹੀਰ ਰਾਂਝਾ ਧਰਮਵੀਰ ਪਰਦੇਸੀ ਐਡ ਪਾਰਟੀ ਵਲੋਂ ਖੇਡਿਆ ਜਾਵੇਗਾ।





ਇਸ ਮੇਲੇ ਵਿੱਚ ਵਿਸ਼ੇਸ਼ ਤੌਰ ਤੇ 22 ਮਈ ਨੂੰ ਦਿਨ ਵੇਲੇ ਗਾਇਕ ਅਤੇ ਕਵਾਲ ਪਰਵੇਜ਼ ਆਲਮ, ਦਲਵਿੰਦਰ ਦਿਆਲਪੁਰੀ , ਆਸ਼ੂ ਚੋਪੜਾ, ਸਰਬਜੀਤ ਸਹੋਤਾ, ਨੂਰ ਸਾਈਂ ,ਦੀਪਾ ਮਿਊਂਵਾਲ, ਬਲਵਿੰਦਰ ਸੋਨੂ, ਲਵੀ ਚੌਹਾਨ, ਗੌਰਵ ਥਾਪਰ, ਸਨੀ ਸਾਹਿਬ, ਰੇਸ਼ਮ ਭੱਟੀ ਸਮੇਤ ਕਈ ਹੋਰ ਕਲਾਕਾਰ ਆਪਣੀ ਹਾਜਰੀ ਭਰਨਗੇ । ਮੇਲੇ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ ਅਤੇ ਸਮੂਹ ਸੰਗਤ ਦੇ ਬੈਠਣ ਲਈ ਯੋਗ ਪ੍ਰਬੰਧ ਅਤੇ ਲੰਗਰ ਪਾਣੀ ਦਾ ਬਿਹਤਰ ਇੰਤਜ਼ਾਮ ਕੀਤਾ ਜਾਵੇਗਾ। ਮੇਲੇ ਵਿੱਚ ਵੱਖ-ਵੱਖ ਡੇਰਿਆਂ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਵੀ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਨਗੇ। ਜ਼ਿਕਰਯੋਗ ਹੈ ਕਿ ਇਸ ਸਲਾਨਾ ਮੇਲੇ ਵਿੱਚ ਪੰਜਾਬ ਦੇ ਸੁਪਰ ਸਟਾਰ ਗਾਇਕ ਹਾਜ਼ਰੀਆਂ ਭਰ ਚੁੱਕੇ ਹਨ ਅਤੇ ਸੰਗਤ ਹਰ ਸਾਲ ਇਸ ਮੇਲੇ ਦੀ ਬੜੀ ਬੇਸਬਰੀ ਨਾਲ ਉਡੀਕ ਕਰਦੀ ਹੈ।

# ਮਾਹਿਲਪੁਰ ਵਿਖ਼ੇ ਡਿਪਟੀ ਸਪੀਕਰ ਰੋੜੀ ਵੱਲੋਂ ਵਾਟਰ ਟਰੀਟਮੈਂਟ ਤੇ ਸੀਵਰੇਜ ਪ੍ਰੋਜੈਕਟਾਂ 'ਤੇ ਉੱਚ ਪੱਧਰੀ ਮੀਟਿੰਗ

**ਹੁਸ਼ਿਆਰਪੁਰ /ਗੜ੍ਹਸ਼ੰਕਰ (ਬਲਵੀਰ ਚੌਂਪੜਾ )** ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਰੋੜੀ ਵੱਲੋਂ ਅੱਜ ਮਾਹਿਲਪੁਰ ਜ਼ਿਲਾ ਹੁਸ਼ਿਆਰਪੁਰ ਦੇ ਰੈਸਟ ਹਾਊਸ ਵਿੱਚ ਇੱਕ ਮਹੱਤਵਪੂਰਨ ਮੀਟਿੰਗ ਦੀ ਅਗਵਾਈ ਕੀਤੀ ਗਈ, ਜਿਸ ਵਿੱਚ ਗੜ੍ਹਸ਼ੰਕਰ ਅਤੇ ਮਾਹਿਲਪੁਰ ਖੇਤਰਾਂ ਵਿੱਚ ਚੱਲ ਰਹੇ ਵਾਟਰ ਟਰੀਟਮੈਂਟ ਪਲਾਂਟਾਂ, ਵਾਟਰ ਸਪਲਾਈ ਲਾਈਨਾਂ ਅਤੇ ਸੀਵਰੇਜ ਪ੍ਰੋਜੈਕਟਾਂ ਦੀ ਤਾਜ਼ਾ ਤਰੀਨ ਸਥਿਤੀ ਬਾਰੇ ਚਰਚਾ ਕੀਤੀ ਗਈ।ਸੀਵਰੇਜ ਬੋਰਡ ਦੇ ਉੱਚ ਅਧਿਕਾਰੀਆਂ, ਨਿਗਰਾਨ ਇੰਜੀਨੀਅਰ, ਕਾਰਜਕਾਰੀ ਇੰਜੀਨੀਅਰ, ਐਸ.ਡੀ.ਓ. ਅਤੇ ਹੋਰ ਕਾਰਜ ਸਾਧਕ ਅਫਸਰਾਂ ਦੀ ਹਾਜ਼ਰੀ 'ਚ ਹੋਈ ਇਸ ਮੀਟਿੰਗ ਦੌਰਾਨ, ਡਿਪਟੀ ਸਪੀਕਰ ਨੇ ਹਰ ਪ੍ਰੋਜੈਕਟ ਦੀ ਪ੍ਰਗਤੀ ਦੀ ਵਿਸਥਾਰ ਨਾਲ ਸਮੀਖਿਆ ਕੀਤੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜਨਤਕ ਪੈਸੇ ਨਾਲ ਚੱਲ ਰਹੇ ਪ੍ਰੋਜੈਕਟਾਂ 'ਚ ਪਾਰਦਰਸ਼ਿਤਾ ਅਤੇ ਤੇਜ਼ੀ ਲਿਆਉਣੀ ਜਰੂਰੀ ਹੈ ਤਾਂ ਜੋ ਲੋਕਾਂ ਨੂੰ ਸਮੇਂ ਸਿਰ ਲਾਭ ਮਿਲ ਸਕੇ।

ਡਿਪਟੀ ਸਪੀਕਰ ਰੋੜੀ ਨੇ



ਸਾਫ਼ ਸ਼ਬਦਾਂ ਵਿੱਚ ਕਿਹਾ ਕਿ, "ਸਰਕਾਰੀ ਯੋਜਨਾਵਾਂ ਦਾ ਮੁੱਖ ਉਦੇਸ਼ ਲੋਕਾਂ ਦੀ ਭਲਾਈ ਹੈ। ਜੇਕਰ ਕਿਸੇ ਵੀ ਪੱਧਰ 'ਤੇ ਲਾਪਰਵਾਹੀ ਜਾਂ ਢਿੱਲਮੁੱਲ ਵਿਵਹਾਰ ਸਾਹਮਣੇ ਆਇਆ, ਤਾਂ ਉਸ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇਗੀ।"

ਉਨ੍ਹਾਂ ਨੇ ਮੌਕੇ 'ਤੇ ਹੀ ਕੁਝ ਥਾਵਾਂ 'ਤੇ ਪਰੇਸ਼ਾਨੀ ਦੇ ਸੂਚਕ ਇਸ਼ਾਰੇ ਮਿਲਣ 'ਤੇ ਤੁਰੰਤ ਕਾਰਵਾਈ ਲਈ ਅਦੇਸ਼ ਵੀ ਜਾਰੀ ਕੀਤੇ। ਉਨ੍ਹਾਂ ਅਧਿਕਾਰੀਆਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਇਮਾਨਦਾਰੀ ਅਤੇ ਸਮਰਪਣ ਨਾਲ ਨਿਭਾਉਣ ਦੀ ਅਪੀਲ ਕੀਤੀ।

ਇਹ ਮੀਟਿੰਗ ਖੇਤਰੀ ਵਿਕਾਸ ਦੀ ਰਫ਼ਤਾਰ ਨੂੰ ਹੋਰ ਤੇਜ਼ੀ ਦੇਣ ਅਤੇ ਆਮ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਦੀ ਦਿਸ਼ਾ ਵਿੱਚ ਇੱਕ ਪ੍ਰਗਟ ਕਦਮ ਸਾਬਤ ਹੋਈ।

# ਗੁਰਦਿਆਲ ਬੋਧ ਜੀ ਨੇ ਮਿਸ਼ਨਰੀ ਸਾਥੀਆਂ ਨੂੰ ਬੁੱਧ ਪੂਰਨਿਮਾ ਤੇ ਕਿਤਾਬਾਂ ਭੇਂਟ ਕੀਤੀਆਂ

**ਬੰਗਾ ( ਚਰਨਜੀਤ ਸੱਲ੍ਹਾਂ )** ਗੁਰਦਿਆਲ ਬੋਧ ਬਹਿਰਾਮ ਸੂਰ ਸਟੇਸ਼ਨ ਤੇ ਮਿਸ਼ਨਰੀ ਸਾਥੀ ਮਿਲਣ ਗਏ ਅਤੇ ਉਨ੍ਹਾਂ ਨੂੰ ਬੁੱਧ ਅਤੇ ਉਨ੍ਹਾਂ ਦਾ ਧਮ ਕਿਤਾਬਾਂ ਭੇਟ ਕੀਤੀਆਂ। ਇਹ ਮਿਸ਼ਨਰੀ ਸਾਥੀ ਮਿਸ਼ਨ ਤੇ ਵਿਚਾਰ ਵਟਾਂਦਰਾ ਕਰਨ ਲਈ ਆਏ ਸਨ। ਉਨ੍ਹਾਂ ਮਿਸ਼ਨਰੀ ਸਾਥੀਆਂ ਨੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੀਆਂ ਕਿਤਾਬਾਂ ਜਿਨ੍ਹਾਂ ਨੂੰ ਪੰਜਾਬੀ ਵਿੱਚ ਬੋਧ ਸਾਹਿਬ ਨੇ ਲਿਖਿਆ ਹੈ ਉਨ੍ਹਾਂ ਨੇ ਗੁਰਦਿਆਲ ਬੋਧ ਜੀ ਦਾ ਬਹੁਤ ਬਹੁਤ ਧੰਨਵਾਦ ਕੀਤਾ




ਕਿਉਂਕਿ ਬੋਧ ਸਾਹਿਬ ਜੀ ਬਹੁਤ ਹੀ ਮਿਸ਼ਨ ਦੇ ਪੱਕੇ ਅਤੇ ਸਮਾਜਸੇਵੀ ਹਨ। ਇਹ ਮਿਸ਼ਨਰੀ ਸਾਥੀਆਂ ਦਾ ਹਰੇਕ ਤਰ੍ਹਾਂ ਦਾ ਸਾਥ ਦਿੰਦੇ ਹਨ।ਇਸ ਮੌਕੇ ਤੇ ਗੁਰਦਿਆਲ ਬੋਧ ਯੂ ਕੇ, ਨਿਰਮਲ ਗੂੜ੍ਹਾ ਉਘੇ ਰਿਪੋਰਟ ਕਾਂਸ਼ੀ ਟੀ ਵੀ, ਦਿਨੇਸ਼ ਮਹਿਰਾ, ਲਖਵਿੰਦਰ ਲਾਖਾ,ਵੀਵੇਕ ਕੁਮਾਰ,ਦੇਵ ਵਿਰਕ ਅਤੇ ਜੱਸੀ ਹਾਜ਼ਰ ਸਨ।

# ਸ.ਹ.ਸ. ਝੰਡੇਰ ਕਲਾਂ ਵਿਖੇ ਲਗਾਇਆ ਤਰਕਸ਼ੀਲ ਸਾਹਿਤ ਦਾ ਸਟਾਲ

**ਬੰਗਾ ( ਚਰਨਜੀਤ ਸੱਲ੍ਹਾਂ ) -** ਪਿੰਡ ਝੰਡੇਰ ਕਲਾਂ ਵਿੱਚ ਤਰਕਸ਼ੀਲ ਸੋਸਇਟੀ ਪੰਜਾਬ ਇਕਾਈ ਬੰਗਾ ਵਲੋਂ ਸੁਖਵਿੰਦਰ ਲੰਗੇਰੀ ਦੁਆਰਾ ਤਰਕਸ਼ੀਲ ਸਾਹਿਤ ਦਾ ਸਟਾਲ ਲਗਾਇਆ ਗਿਆ। ਸਕੂਲ ਦੇ ਹੈਡਮਾਸਟਰ ਕੁਲਵਿੰਦਰ ਖਟਕੜ ਜੋਂ ਲਮੇ ਸਮੇਂ ਤੋਂ ਤਰਕਸ਼ੀਲ ਸੋਸਾਇਟੀ ਵਿੱਚ ਕੰਮ ਕਰ ਰਹੇ ਹਨ ਓਹਨਾ ਦੁਆਰਾ ਬਹੁਤ ਸਾਰੇ ਬੱਚਿਆਂ ਦੀ ਸੋਚ ਵਿਗਿਆਨਕ ਬਣਾਈ ਤੇ ਅੰਧਵਿਸ਼ਵਾਸ, ਪਾਖੰਡਵਾਦ ਤੋਂ ਬਿਨਾ ਜ਼ਿੰਦਗੀ ਜੀ ਰਹੇ ਹਨ । ਪਿੰਡ ਝੰਡੇਰ ਕਲਾਂ ਹਾਈ ਸਕੂਲ ਵਿੱਚ ਓਹਨਾਂ ਨੇ ਬੱਚਿਆ ਦੀ ਸੋਚ ਵਿਗਿਆਨਕ ਬਣਾਉਣ ਲਈ ਕਿਤਾਬਾਂ ਦਾ ਸਟਾਲ ਲਗਵਾਇਆ । ਛੇਵੀਂ ਤੋਂ ਦਸਵੀਂ ਦੇ ਵਿਦਿਆਰਥੀਆਂ ਨੂੰ ਸਟਾਲ ਤੇ ਬੁਲਾਇਆ ਗਿਆ ਤੇ ਨਾਲ ਕਿਤਾਬਾ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ। ਬੱਚਿਆਂ ਨੇ ਵੀ ਕਿਤਾਬਾਂ ਵਿੱਚ



ਰੁਚੀ ਦਿਖਾਉਂਦੇ ਹੋਏ ਬਹੁਤ ਸਾਰੀਆਂ ਕਿਤਾਬਾਂ ਖਰੀਦੀਆ। ਸੁਖਵਿੰਦਰ ਲੰਗੇਰੀ ਨੇ ਵੀ ਕਿਤਾਬਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਤੇ ਕਿਹਾ ਆਪਣੀ ਸੋਚ ਨੂੰ ਵਿਗਿਆਨਕ ਬਣਾ ਕੇ ਵਧੀਆ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ । ਅਗਰ ਅਸੀਂ ਕਿਤਾਬਾ ਪੜ੍ਹਾਂਗੇ ਤਾਂ ਹੀ ਤਰਕ ਕਰ ਸਕਦੇ ਹਾਂ । ਸਕੂਲ ਦੇ ਸਾਰੇ ਅਧਿਆਪਕਾਂ ਨੇ ਪੂਰਾ ਸਹਿਯੋਗ ਦਿੱਤਾ ਤੇ ਕਿਤਾਬਾਂ ਵੀ ਖਰੀਦੀਆਂ। ਇਸ ਦੌਰਾਨ ਅਧਿਆਪਕ ਦੇਸ ਰਾਜ, ਨਰੇਸ਼ ਕੁਮਾਰ , ਚੰਦਰ ਸ਼ੇਖਰ , ਸੰਦੀਪ ਸਿੰਘ , ਨੀਲਮ ਰਾਣੀ , ਸਰਬਜੀਤ ਕੌਰ ਅਤੇ ਬਲਰਾਮ ਸ਼ੇਰ ਸਿੰਘ ਸ਼ਾਮਿਲ ਸਨ।

**ਮਾ. ਜਗਦੀਸ਼ ਰਾਏਪੁਰ ਡੱਬਾ।**
**ਜਥੇਬੰਦਕ ਮੁਖੀ ਜੋਨ ਨਵਾਂਸ਼ਹਿਰ।**
**ਫੋਨ:9417434038**

## ਰੁਲ਼ਦੂ ਦੀ ਰੀਸ

ਕੋਈ ਗੱਲ ਕਦੇ ਨਾ ਰਹਿੰਦੀ ਵਿੱਚ ਵਿਚਾਲ਼ੇ ਰੁਲ਼ਦੂ ਦੀ ।
ਤੈਂ ਵੇਖੀ ਨਈਓਂ ਕਾਹ਼ਲੀ , ਬਹੁਤੇ ਕਾਹ਼ਲੇ ਰੁਲ਼ਦੂ ਦੀ ।
ਤੂੰ ਆਪਣੀ ਚਾਲੇ ਚੱਲ ਨਹੀਂ ਲੱਤ ਬਾਂਹ ਤੁੜਵਾ 'ਲੇਂਗਾ ;
ਤੈਥੋਂ ਰੀਸ ਨਾ ਹੋਣੀਂ  ਪਿੰਡ ਰੰਚਣਾਂ  ਵਾ਼ਲੇ ਰੁਲ਼ਦੂ ਦੀ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## .ਗ਼ਜ਼ਲ




ਦਿਸ਼ਾਹੀਣੇ ਜਦੋਂ ਹੋਏ ਦਿਸ਼ਾਵਾਂ ਮਿਲਦੀਆਂ ਨਵੀਆਂ।
ਲਕੀਰਾਂ ਦੇ ਫ਼ਕੀਰਾਂ ਨੂੰ ਬਲਾਵਾਂ ਮਿਲਦੀਆਂ ਨਵੀਆਂ।
ਨਹੀਂ ਅੱਜਕੱਲ੍ਹ ਉਹੋ ਰਾਂਝੇ, ਨਹੀਂ ਹੀਰਾਂ ਉਹੋ ਜਿਹੀਆਂ,
ਝਨਾਂ ਵੀ ਨੇ ਨਵੇਂ ਹੁਣ ਤਾਂ ਅਦਾਵਾਂ ਮਿਲਦੀਆਂ ਨਵੀਆਂ।
ਨਹੀਂ ਮਿਟੀਆਂ, ਇਨ੍ਹਾਂ ਨੂੰ ਹੀ ਮਿਟਾਉਂਦਾ ਮਿਟ ਗਿਆ ਬੰਦਾ,
ਛੁਡਾਇਆ ਇੱਕ ਤੋਂ ਖਹਿੜਾ ਇਛਾਵਾਂ ਮਿਲਦੀਆਂ ਨਵੀਆਂ।
ਪਿਆਲਾ ਜ਼ਹਿਰ ਦਾ ਮਿਲਦਾ ਸਗੋਂ ਸੁਕਰਾਤ ਬਣ ਜਾਂਦਾ,
ਕਿਸੇ ਗਿਣਤੀ ’ਚ ਨਾ ਆਈਆਂ ਸਜ਼ਾਵਾਂ ਮਿਲਦੀਆਂ ਨਵੀਆਂ।
ਉਦੋਂ ਤੱਕ ਡੋਲਦੀ ਰਹਿੰਦੀ ਹਵਾ ਵਿੱਚ ਨਾ ਟਿਕੇ ਗੁੱਡੀ,
ਸਹੀ ਢੰਗ ਨਾਲ ਜਦ ਤੱਕ ਨਾ ਤੜਾਵਾਂ ਮਿਲਦੀਆਂ ਨਵੀਆਂ।
ਕਿਤੇ ਬੋਤਲ ’ਚ ਕਵਿਤਾਵਾਂ, ਕਿਤੇ ਨੇ ਅੱਗ ’ਤੇ ਤੁਰਦੇ,
ਨਵੇਂ ਹੀ ਲੋਕ ਮਿਲਦੇ ਨੇ, ਕਲਾਵਾਂ ਮਿਲਦੀਆਂ ਨਵੀਆਂ।
ਪਛਾਣਾਂ ਵੀ ਕਿਵੇਂ ‘ਜ਼ਖ਼ਮੀ’ ਕਿ ਦੋਸਤ ਨੇ ਜਾਂ ਦੁਸ਼ਮਣ ਨੇ,
ਪਲਾਂ ਵਿੱਚ ਬਦਲਦੇ ਚਿਹਰੇ ਖੜਾਵਾਂ ਮਿਲਦੀਆਂ ਨਵੀਆਂ।

**ਕਰਮ ਸਿੰਘ ਜ਼ਖ਼ਮੀ**
**ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:)**
**ਸੰਪਰਕ: 98146-28027**

## ਛੋਟਾ ਏ

ਰੱਬਾ ਰੱਸਾਕਸ਼ੀ ਏ ਕਾਹਦੀ , ਮੇਰਾ , ਪਾਸਾ ਛੋਟਾ ਏ ।
ਜਿੱਡਾ ਮੈਨੂੰ ਦੁੱਖ ਤੂੰ ਦਿੱਤਾ , ਹਰ , ਦਿਲਾਸਾ ਛੋਟਾ ਏ ।

ਮੇਰੇ ਕੰਮ ਅਧੂਰੇ ਹਾਲੇ , ਸੋਚਾਂ ਮੇਰੀਆਂ ਲੰਮੀਆਂ ਨੇ ,
ਰੱਬਾ ਜੋ ਤੂੰ ਵਕ਼ਤ ਏ ਦਿੱਤਾ , ਲਗਦਾ , ਖ਼ਾਸਾ ਛੋਟਾ ਏ ।

ਤੂੰ ਤਾਂ ਜਾਣੇ ਸਭ ਕੁੱਝ ਰੱਬਾ , ਮੇਰੀਆਂ ਲੋੜਾਂ ਲੁਕੀਆਂ ਨਾ ,
ਕੀ ਮੰਗਾਂ ਮੈਂ ਤੇਰੇ ਕੋਲੋਂ , ਮੇਰਾ , ਕਾਸਾ ਛੋਟਾ ਏ ।

ਧੋਖੇ ਦੇ ਵਿੱਚ ਰੱਖਿਆ ਮੈਨੂੰ , ਆਸ ਮੈਂ ਰੱਖੀ ਜਿੰਨਾਂ ਤੇ,
ਦਿਲ ਹੁਣ ਮੇਰਾ ਦਿਲ ਨੀ ਧਰਦਾ , ਬੇ-ਵਿਸ਼ਵਸਾ ਛੋਟਾ ਏ ।

ਮੇਰੇ ਗਮ ਦਾ ਭਾਰ ਏ ਬਾਹਲਾ , ਹਾਸੇ ਵਿੱਚ ਉਡਾਵੀਂ ਨਾ ,
ਮੇਰੇ ਦੁੱਖ ਦੇ ਅੱਗੇ ਦਿਸਦਾ , ਤੇਰਾ , ਹਾਸਾ ਛੋਟਾ ਏ ।

ਦਿਲ ਵਿੱਚ ਮੇਰੇ ਦਰਦ ਬੜਾ ਏ , ਘਰ ਭਰਿਆ ਏ ਦੁੱਖਾਂ ਨੇ ,
ਕਿੱਥੇ ਰੱਖਾਂ ਮੈਂ ਸੱਜਣਾਂ ਤੈਨੂੰ , ਮੇਰਾ , ਵਾਸਾ ਛੋਟਾ ਏ ।

ਵੱਢੀ ਤੇਰੀ ਤਲਬ ਏ ਸੱਜਣਾਂ , ਨਿਗਾਹ ਅਸਮਾਨੀ ਰਹਿੰਦੀ ਏ ,
ਨਜ਼ਰ ਤੇਰੀ ਏ ਵੱਡਿਆਂ ਤੇ , ਤੇਰੀ ਦੀਦ, ਪਿਆਸਾ ਛੋਟਾ ਏ ।

ਫੂਕ ਫੂਕ ਮੈਂ ਕਦਮ ਸੀ ਧਰਦਾ , ਫੂਕ ਕੇ ਰੱਖਤਾ ਸੱਧਰਾਂ ਨੂੰ ,
ਮਲ੍ਹਮ ਲਾ ਨਾ ਤੂੰ ਜ਼ਖਮਾਂ ਤੇ , ਨਾ ਦੇ , ਦਿਲਾਸਾ ਛੋਟਾ ਏ ।

ਨਾ ਮਕਬੂਲ ਨਾ ਛੱਪਿਆ ਕਿੱਧਰੇ , ਕਦਰ ਕੀਤੀ ਨਾ ਲੋਕਾਂ ਨੇ ,
ਗੁਸਤਾਖ਼ ਨੂੰ ਗਿਣ ਲੈ ਸ਼ਾਇਰਾਂ ਦੇ ਵਿੱਚ , ਮੰਨਿਆ , ਮਾਸਾ ਛੋਟਾ ਏ
।



**ਗੋਲਡੀ ਗੁਸਤਾਖ਼**

## ਦੁਰਘਟਨਾਂ

ਸੜਕਾਂ ਕਹਿੰਦੇ
ਸੋਹਣੀਆਂ ਬਣੀਆਂ
ਗੱਡੀ ਸੌ ਦੋ ਸੌ ਤੇ
ਚੜ੍ਹਦੀ ਆ
ਪੁੱਤ ਘਰੋਂ ਬਾਹਰ
ਨੇ ਜਾਂਦੇ
ਮਾਂ ਅੰਦਰ ਬੈਠੀ
ਡਰਦੀ ਆ
ਦੁਰਘਟਨਾਂ ਵਿੱਚ
ਮਰਿਆ ਪੁੱਤਰ ਨਹੀਓਂ
ਭੁੱਲਿਆ ਜਾਵੇ
ਅੱਖਾਂ ਵਿਚੋਂ
ਹੰਝੂ ਕਿਰਦੇ
ਮਾਂ ਕਿਸਨੂੰ
ਦੁੱਖ ਸੁਣਾਵੇ
ਪਰ ਬੰਦਾ ਵਾਪਿਸ
ਨਹੀਓਂ ਮੁੜਦਾ
ਲੋਹਾ ਕੁੱਟਿਆ
ਸਿੱਧਾ ਹੋਵੇ
ਪਤਨੀ ਵਿਚਾਰੀ
ਕੀ ਕਰੇ ਕਾਕੇ
ਬੱਚਿਆਂ ਦੇ ਗਲ਼
ਲੱਗ ਰੋਵੇ



**ਕਰਮਜੀਤ ਸਿੰਘ**
**ਈਲਵਾਲ**



# ਸਿਰਲੇਖ: ਮੇਰੀ ਕਹਾਣੀ - ਰੋੜ੍ਹ ਤੋਂ ਕਰੋੜਪਤੀ ਬਣਨ ਦੀ (ਭਾਗ-6)

**ਕਹਾਣੀ ਜੋੜਨ ਲਈ ਪਿਛਲਾ ਅੰਕ ਦੇਖੋ**

ਖਰੀਦੇ ਹੋਏ ਘਰਾਂ ਦੀ ਗਿਣਤੀ ਦੇ ਹਿਸਾਬ ਨਾਲ ਮੈਨੂੰ ਨਿਊਜ਼ੀਲੈਂਡ ਵਿੱਚ ਰੈਸੀਡੈਂਸ਼ੀਅਲ (ਰਿਹਾਇਸ਼ੀ) ਪ੍ਰਾਪਰਟੀ ਇਨਵੈਸਟਮੈਂਟ ਦੇ ਖੇਤਰ ਵਿੱਚ ਨਿਊਜ਼ੀਲੈਂਡ ਦੇ ਟੌਪ (Top) 1% ਇਨਵੈਸਟਰਾਂ ਵਿੱਚ ਸ਼ਾਮਿਲ ਹੋਣ ਦਾ ਮੌਕਾ ਮਿਲਿਆ ਜਿਸ ਵਿੱਚ ਮੈਂ ਅਜੇ ਵੀ ਸ਼ਾਮਿਲ ਹਾਂ ਲ ਕਾਰੋਬਾਰੀ ਕਾਮਯਾਬੀ ਦੇ ਨਾਲ ਨਾਲ ਮੈਂ ਕਮਿਊਨਟੀ ਵਿੱਚ ਕਈ ਲੋਕ ਪੱਖੀ ਸੰਸਥਾਵਾਂ ਵਿੱਚ ਕੰਮ ਕਰਦਾ ਰਿਹਾ ਹਾਂ ਜਿਸ ਵਿੱਚ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਔਕਲੈਂਡ ਨਿਊਜ਼ੀਲੈਂਡ ਦੇ ਨਾਲ ਨਾਲ ਤਰਕਸ਼ੀਲ ਲਹਿਰ ਨਾਲ ਸਬੰਧਤ ਸੰਸਥਾਵਾਂ, ਸਪੋਰਟਸ ਕਲੱਬਾਂ ਅਤੇ ਸਿਹਤ ਸਬੰਧਤ ਸੰਸਥਾਵਾਂ ਹਨ ਲ ਇਨ੍ਹਾਂ ਤੋਂ ਇਲਾਵਾ ਨਿਊਜ਼ੀਲੈਂਡ ਵਿੱਚ ਤਰਕਸ਼ੀਲ ਲਹਿਰ ਵਿਕਸਿਤ ਕਰਨ ਵਿੱਚ ਅਹਿਮ ਯੋਗਦਾਨ ਪਾਇਆ ਲ ਉਸ ਸਮੇਂ ਅਜੇ ਮੈਂ ਕੱਚਾ ਹੀ ਸੀ ਜਦੋਂ ਵੱਡੀ ਗਿਣਤੀ ਵਿੱਚ ਤਰਕਸ਼ੀਲ ਸਾਹਿਤ ਨਿਊਜ਼ੀਲੈਂਡ ਵਿੱਚ ਲਿਆਂਦਾ ਗਿਆ ਲ ਸ਼ੁਰੂ ਦੀਆਂ ਹਾਲਤਾਂ ਵਿੱਚ ਸਾਥੀ ਧਰਮਪਾਲ ਪਿੰਡ ਰਾਏ ਪੁਰ ਡੱਬਾ ਨੇ ਨਿਊਜ਼ੀਲੈਂਡ ਵਿੱਚ ਤਰਕਸ਼ੀਲ ਕਿਤਾਬਾਂ ਲਿਆਉਣ ਦਾ ਯੋਗਦਾਨ ਪਾਇਆ ਸੀ ਲ ਉਸ ਸਮੇਂ ਧਰਮਪਾਲ ਕੋਲ ਵੀ ਤਰਕਸ਼ੀਲ ਕਿਤਾਬਾਂ ਪੰਜਾਬ ਤੋਂ ਮੰਗਵਾਉਣ ਲਈ ਪੈਸੇ ਨਹੀਂ ਸਨ ਅਤੇ ਮੇਰੇ ਕੋਲ ਵੀ ਨਹੀਂ ਸਨ ਲ ਸ਼ੁਰੂ ਦੀਆਂ ਹਾਲਤਾਂ ਵਿੱਚ ਧਰਮਪਾਲ ਨੇ ਗੋਰੇ ਤਰਕਸ਼ੀਲ ਲੱਭੇ ਜਿਨ੍ਹਾਂ ਨੇ ਸਾਨੂੰ ਕਿਤਾਬਾਂ ਦਾ ਖਰਚਾ ਦਿੱਤਾ ਲ ਫਿਰ ਅਸੀਂ ਤਰਕਸ਼ੀਲ ਮੈਗਜ਼ੀਨਾਂ ਪੰਜਾਬ ਤੋਂ ਉਧਾਰ ਮੰਗਵਾਉਣੀਆਂ ਸ਼ੁਰੂ ਕੀਤੀਆਂ ਲ ਉਹ ਮੈਗਜ਼ੀਨਾਂ ਲੋਕ ਮੁਫ਼ਤ ਲੈਣ ਵੇਲੇ ਵੀ ਹੱਥ ਪਰੇ ਕਰ ਲੈਂਦੇ ਸਨ । ਲੋਕ ਸੋਚਦੇ ਸਨ ਕਿ ਕਿਤੇ ਮੈਗਜ਼ੀਨ ਨੂੰ ਹੱਥ ਲਾ ਕੇ ਹੀ ਸਾਡਾ ਅਗਲਾ ਜਨਮ ਖਰਾਬ ਨਾ ਹੋ ਜਾਵੇ ਲ ਇਸ ਤਰਾਂ ਕੁੱਝ ਸਾਲ ਬੀਤੇ ਲ ਤਰਕਸ਼ੀਲ ਮੈਗਜ਼ੀਨਾਂ ਦਾ ਉਧਾਰ ਸਾਡੇ ਸਿਰ ਕਾਫੀ ਹੋ ਗਿਆ ਸੀ ਲ ਉਹ ਸਾਰੇ ਪੈਸੇ ਮੈਂ ਓਵਰਸਟੇ ਹੁੰਦਿਆਂ ਆਪਣੇ ਕੋਲੋਂ ਪੰਜਾਬ ਭੇਜੇ ਅਤੇ ਸੈਂਕੜੇ ਹੋਰ ਤਰਕਸ਼ੀਲ ਮੈਗਜ਼ੀਨਾਂ ਦੀ ਲਾਈਫ ਟਾਈਮ ਮੈਂਬਰਸ਼ਿਪ ਭਰੀ ਲ ਪੰਜਾਬ ਦੇ ਜਿਲ੍ਹਾ ਜਲੰਧਰ ਦੇ ਸਾਰੇ ਹਾਇਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਵਾਸਤੇ ਵਿਗਿਆਨਜੋਤ ਮੈਗਜ਼ੀਨ ਮੇਰੇ ਵਲੋਂ ਉਮਰ ਭਰ ਲਈ ਲਗਵਾਈ ਹੋਈ ਸੀ ਜੋ ਮੈਗਜ਼ੀਨ ਬੰਦ ਹੋਣ ਤੱਕ ਜਾਰੀ ਰਹੀ ਲ ਪੰਜਾਬ ਵਿੱਚ ਕਈ ਦੋਸਤਾਂ ਦੇ ਘਰ ਮੈਂ ਵੱਡੇ ਪੱਧਰ ਤੇ ਕਿਤਾਬਾਂ ਆਪਣੇ ਖਰਚੇ ਤੇ ਭੇਜੀਆਂ ਅਤੇ ਕਈ ਪਬਲਿਕ ਲਾਇਬਰੇਰੀਆਂ ਵਿੱਚ ਤਰਕਸ਼ੀਲ ਕਿਤਾਬਾਂ ਭੇਜੀਆਂ ਲ ਇਸ ਦੇ ਨਾਲ ਨਾਲ ਕਈ ਸਕੂਲਾਂ ਦੇ ਬੱਚਿਆਂ ਤੱਕ ਕਿਤਾਬਾਂ ਮੁਫ਼ਤ ਆਪਣੇ ਵਲੋਂ ਭੇਜੀਆਂ ਲ ਇਸ ਤੋਂ ਇਲਾਵਾ ਬਹੁਤ ਸਾਰੀਆਂ ਖੇਡ ਕਲੱਬਾਂ, ਸਿਹਤ ਨਾਲ ਸਬੰਧਤ ਸੰਸਥਾਵਾਂ ਅਤੇ ਹੋਰ ਲੋਕ ਪੱਖੀ ਸੰਸਥਾਵਾਂ ਵਿੱਚ ਆਪਣਾ ਯੋਗਦਾਨ ਪਾਇਆ ਲ ਕਰੋਨਾ ਦੇ ਦੌਰ ਵਿੱਚ ਆਪਣੇ ਪਿੰਡ ਖੁਰਦਪੁਰ ਅਤੇ ਕੁੱਝ ਹੋਰ ਪਿੰਡਾਂ ਵਿੱਚ ਮਜ਼ਦੂਰਾਂ/ਲੋੜਵੰਦਾਂ ਤੱਕ ਰਾਸ਼ਣ ਪਹੁੰਚਾਇਆ ਲ ਨਿਊਜ਼ੀਲੈਂਡ ਵਿੱਚ ਆਪਣੇ ਸ਼ਹਿਰ ਪੁੱਕੀਕੋਹੀ ਵਿੱਚ ਅਤੇ ਨਾਲ ਲਗਦੇ ਪਿੰਡਾਂ ਵਿੱਚ ਵੀ ਆਪਣੇ ਪਰਿਵਾਰ ਵਲੋਂ ਰਾਸ਼ਣ ਪਹੁੰਚਾਇਆ ਲ ਕਈ ਲੇਖਕਾਂ ਦੀਆਂ ਕਿਤਾਬਾਂ ਛਪਵਾਉਣ ਵਿੱਚ ਯੋਗਦਾਨ ਪਾਇਆ ਲ ਨਿਊਜ਼ੀਲੈਂਡ ਵਿੱਚ ਵੀ ਕਈ ਲਾਇਬਰੇਰੀਆਂ ਵਿਕਸਿਤ ਕੀਤੀਆਂ ਲ ਕਰੋਨਾ ਦੇ ਦੌਰਾਨ ਆਪਣੀਆਂ ਕੰਪਨੀਆਂ ਵਿੱਚ ਕੰਮ ਕਰਨ ਵਾਲੇ ਸਾਰੇ ਕਾਮਿਆਂ /ਟਰੇਡਸ ਪੀਪਲ ਨੂੰ ਮੁਫ਼ਤ ਕਰਿਆਨੇ ਦੀ ਪੇਸ਼ਕਸ਼ ਕੀਤੀ ਲ ਇਹ ਪੇਸ਼ਕਸ਼ ਆਪਣੇ ਘਰਾਂ ਵਿੱਚ ਰਹਿੰਦੇ ਕਿਰਾਏਦਾਰਾਂ ਨੂੰ ਵੀ ਕੀਤੀ ਲ ਆਪਣੇ ਮੈਨੇਜਰਾਂ ਨੂੰ ਕਿਹਾ ਕਿ ਔਖੇ ਵੇਲੇ ਕਿਸੇ ਕਿਰਾਏਦਾਰ ਤੋਂ ਜੇ ਕਿਰਾਇਆ ਨਾ ਵੀ ਦੇ ਹੋਵੇ ਤਾਂ ਵੀ ਉਸ ਨੂੰ ਘਰੋਂ ਬਾਹਰ ਨਾ ਕੱਢਿਆ ਜਾਵੇ ਲ



ਅਵਤਾਰ ਤਰਕਸ਼ੀਲ
ਨਿਊਜ਼ੀਲੈਂਡ
ਜੱਦੀ ਪਿੰਡ
ਖੁਰਦਪੁਰ (ਜਲੰਧਰ)
006421392147

ਪਿਛਲੇ 27 ਸਾਲ ਤੋਂ ਵੱਧ ਸਮੇਂ ਤੋਂ ਪੰਜਾਬੀ ਕਿਤਾਬਾਂ ਦੀ ਲਾਇਬਰੇਰੀ ਮੇਰੇ ਘਰ ਤੋਂ ਚੱਲਦੀ ਹੈ ਜਿੱਥੋਂ ਪੂਰੇ ਨਿਊਜ਼ੀਲੈਂਡ ਵਿੱਚ ਪੜ੍ਹਨ ਲਈ ਮੁਫ਼ਤ ਕਿਤਾਬਾਂ ਆਪਣੇ ਖਰਚੇ ਤੇ ਭੇਜੀਆਂ ਜਾਂਦੀਆਂ ਹਨ ਲ ਘਰ ਆਏ ਪਾਠਕਾਂ ਨੂੰ ਚਾਹ ਪਾਣੀ ਅਤੇ ਰੋਟੀ ਪਾਣੀ ਮੇਰੀ ਪਤਨੀ ਮਨਜੀਤ ਕੌਰ ਬਣਾ ਦਿੰਦੀ ਹੈ ਲ ਉਸ ਦਾ ਕਮਿਊਨਟੀ ਕੰਮਾਂ ਵਿੱਚ ਬਹੁਤ ਯੋਗਦਾਨ ਰਿਹਾ ਹੈ ਲ ਵਿਆਹ ਤੋਂ ਪਹਿਲਾਂ ਹੀ ਮੈਂ ਉਸ ਨੂੰ ਆਪਣੇ ਵਿਚਾਰਾਂ ਬਾਰੇ ਦੱਸ ਦਿੱਤਾ ਸੀ ਕਿ ਮੈਂ ਕਿਸੇ ਰੱਬ ਜਾਂ ਗੈਬੀ ਸ਼ਕਤੀ ਨੂੰ ਨਹੀਂ ਮੰਨਦਾ ਹਾਂ ਅਤੇ ਇਹ ਵੀ ਦੱਸ ਦਿੱਤਾ ਸੀ ਕਿ ਲੋਕ ਪੱਖੀ ਕੰਮ ਕਰਦਾ ਹੋਣ ਕਰਕੇ ਮੈਨੂੰ ਅਕਸਰ ਲੋਕ ਆਪਣੀਆਂ ਸਮੱਸਿਆਵਾਂ ਲਈ ਮਿਲਣ ਆਉਂਦੇ ਰਹਿੰਦੇ ਹਨ ਲ ਇਸ ਕਰਕੇ ਉਸ ਨੇ ਕਦੇ ਇਤਰਾਜ਼ਗੀ ਵੀ ਨਹੀਂ ਕੀਤੀ ਲ ਸਾਡੇ ਘਰ ਵਿੱਚ ਹੀ ਲਾਇਬਰੇਰੀ ਦੇ ਨਾਲ ਇੱਕ ਹਾਲ ਬਣਿਆ ਹੋਇਆ ਹੈ ਜਿੱਥੇ 40-50 ਵਿਅਕਤੀ ਬੈਠ ਕੇ ਸੈਮੀਨਾਰ ਕਰ ਸਕਦੇ ਹਨ ਲ ਮਨਜੀਤ ਨੇ ਵੀ ਹੌਲੀ ਹੌਲੀ ਮੇਰੇ ਤਰਕਸ਼ੀਲ ਵਿਚਾਰ ਅਪਣਾ ਲਏ ਸਨ ਲ ਬਾਕੀ ਸਾਥੀਆਂ ਨਾਲ ਰਲ ਕੇ ਲੋਕ ਪੱਖੀ ਕੰਮ ਕਰਨ ਵਾਸਤੇ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਔਕਲੈਂਡ 2008 ਵਿੱਚ ਬਣਾਈ ਲ ਉਸ ਸੰਸਥਾ ਵਿੱਚ ਸ਼ੁਰੂ ਤੋਂ ਲੈ ਕੇ ਹੁਣ ਤੱਕ ਮੈਂ ਸਰਬ ਸੰਮਤੀ ਨਾਲ ਕੈਸ਼ੀਅਰ (Casiher) ਦਾ ਰੋਲ ਨਿਭਾ ਰਿਹਾ ਹਾਂ ਲ ਇਸ ਸੰਸਥਾ ਵਿੱਚੋਂ ਕੋਈ ਵੀ ਮੈਂਬਰ ਤਨਖਾਹ ਨਹੀਂ ਲੈਂਦਾ ਹੈ ਲ ਜਿਆਦਾ ਆਏ ਹੋਏ ਵਿਦੇਸ਼ੀ ਮਹਿਮਾਨ ਵੱਧ ਸਮਾਂ ਮੇਰੇ ਕੋਲ ਹੀ ਰਹਿੰਦੇ ਹਨ ਲ ਹੁਣ ਤੱਕ ਸੰਸਥਾ 25 ਤੋਂ ਵੱਧ ਲੋਕਪੱਖੀ ਬੁਲਾਰੇ, ਲੇਖਕ, ਨਾਟਕਕਾਰ, ਵਿਗਿਆਨੀ, ਪੱਤਰਕਾਰ ਅਤੇ ਲੋਕ ਪੱਖੀ ਗਾਇਕਾਂ ਨੂੰ ਸੈਮੀਨਾਰਾਂ ਵਿੱਚ ਬੁਲਾ ਚੁੱਕੀ ਹੈ ।

ਨਿਊਜ਼ੀਲੈਂਡ ਵਿੱਚ ਪਹੁੰਚੀ ਨਵੀਂ ਪੀੜ੍ਹੀ ਨੂੰ ਆਰਥਿਕ ਤੌਰ ਤੇ ਮਜ਼ਬੂਤ ਕਰਨ ਲਈ ਆਪਣੇ ਤਜਰਬੇ ਅਨੁਸਾਰ ਮੇਰੇ ਦੁਆਰਾ ਮੁਫ਼ਤ ਜਾਣਕਾਰੀ ਦਿੱਤੀ ਜਾਂਦੀ ਹੈ । ਵੱਖ ਵੱਖ ਕਿੱਤਿਆਂ ਵਿੱਚ ਮੇਰੇ ਪਾਸੋਂ ਸਿਖਲਾਈ ਪ੍ਰਾਪਤ ਕਰਕੇ ਮੇਰੇ ਨਾਲ ਕੰਮ ਕਰਨ ਵਾਲੇ ਹਜ਼ਾਰਾਂ ਕਾਮੇ ਕਾਮਯਾਬ ਮੈਨੇਜਰ ਜਾਂ ਬਿਜਨਸਮੈਨ ਬਣ ਚੁੱਕੇ ਹਨ ਲ ਪਿਛਲੇ 6 ਸਾਲਾਂ ਵਿੱਚ ਮੇਰੀਆਂ ਰੇਸੀਡੈਂਸ਼ਲ ਪ੍ਰਾਪਰਟੀਆਂ ਵਿੱਚ ਕੰਮ ਕਰਨ ਵਾਲੇ ਸਾਰੇ ਦੇ ਸਾਰੇ ਕਾਮੇ ਜਾਂ ਸਕਿਲ ਵਰਕਰ ਕਾਮਯਾਬ ਬਿਜਨਸਮੈਨ ਬਣ ਗਏ ਹਨ ਲ ਹੁਣ ਉਹ ਕਾਮੇ ਨਹੀਂ ਉਹ ਬਿਜਨਸਮੈਨ ਬਣ ਗਏ ਹਨ ਅਤੇ ਸਾਨੂੰ ਬਿਜਨਸਮੈਨ ਦੇ ਤੌਰ ਤੇ ਸਰਵਿਸ ਮੁਹੱਈਆ (ਫਰੋਵਿਦਣ) ਕਰਵਾਉਂਦੇ ਹਨ ਲ ਮੇਰੀਆਂ ਸਾਰੀਆਂ ਕੰਪਨੀਆਂ ਵਿੱਚ ਕਾਮਿਆਂ ਨੂੰ ਮੇਰੇ ਦੁਆਰਾ ਇਹ ਗੱਲ ਸ਼ੁਰੂ ਵਿੱਚ ਹੀ ਦੱਸੀ ਜਾਂਦੀ ਸੀ ਕਿ ਤੁਸੀਂ ਕਿਸੇ ਦੇ ਕੰਮ ਕਰਕੇ ਜਾਂ ਜੌਬ ਕਰਕੇ ਕਦੇ ਅਮੀਰ ਨਹੀਂ ਹੋ ਸਕਦੇ । ਇਹ ਗੱਲ ਦੱਸਣ ਦਾ ਭਾਵ ਸੀ ਕਿ ਉਹ ਕੁੱਝ ਚਿਰ ਜੌਬ ਕਰਕੇ ਖੁਦ ਆਪਣਾ ਕਾਰੋਬਾਰ ਸ਼ੁਰੂ ਕਰਨ ।

ਮੈਨੂੰ ਇਸ ਗੱਲ ਦਾ ਹਮੇਸ਼ਾਂ ਮਾਣ ਰਿਹਾ ਹੈ ਕਿ ਮੈਂ ਪਿੰਡ ਖੁਰਦਪੁਰ (ਜਲੰਧਰ) ਵਿੱਚ ਜਨਮ ਲੈ ਕੇ ਸਿਰਫ ਦਸਵੀਂ ਜਮਾਤ ਪਾਸ ਕਰਕੇ ਬਿਨਾਂ ਕਿਸੇ ਡਿਗਰੀ ਜਾਂ ਡਿਪਲੋਮੇ ਤੋਂ ਇਹ ਜ਼ਿਕਰਯੋਗ ਪ੍ਰਾਪਤੀਆਂ ਕੀਤੀਆਂ ਲ ਮੇਰੇ ਪਿੰਡ ਖੁਰਦਪੁਰ ਦੇ ਵਾਸੀਆਂ ਨੇ ਗਦਰ ਲਹਿਰ ਸਮੇਤ ਕਈ ਹੋਰ ਲੋਕ ਪੱਖੀ ਲਹਿਰਾਂ ਵਿੱਚ ਅਹਿਮ ਯੋਗਦਾਨ ਪਾਇਆ ਸੀ ਜਿਨ੍ਹਾਂ ਤੇ ਮੈਨੂੰ ਹਮੇਸ਼ਾਂ ਮਾਣ ਰਹਿੰਦਾ ਹੈ ਲ ਸਾਡਾ ਘਰ ਨਿਊਜ਼ੀਲੈਂਡ ਦੇ ਇੱਕ ਖ਼ੂਬਸੂਰਤ ਕਸਬੇ ਪੁੱਕੀਕੋਹੀ ਦੀ ਬਹੁਤ ਉੱਚੀ ਪਹਾੜੀ ਤੇ ਪੰਜ ਕਨਾਲਾਂ ਵਿੱਚ ਬਣਿਆ ਹੋਇਆ ਹੈ ਜਿੱਥੋਂ 50 ਕਿਲੋਮੀਟਰ ਤੋਂ ਵੀ ਵੱਧ ਦੂਰੀ ਤੱਕ ਦੇਖਿਆ ਜਾ ਸਕਦਾ ਹੈ ਲ ਸਿਆਣੇ ਵਿਅਕਤੀਆਂ ਲਈ ਲਿਫਟ ਦਾ ਵੀ ਇੰਤਜ਼ਾਮ ਹੈ ਲ ਥੱਲੇ ਤੋਂ ਉੱਪਰ ਤੱਕ ਘਰ ਵੀਲ ਚੇਅਰ ਏਕਸੈਸ ਹੈ ਲ ਇਥੇ ਜਿਆਦਾ ਬਿਜਲੀ ਸੋਲਰ ਸਿਸਟਮ ਨਾਲ ਬਣਾਈ ਜਾਂਦੀ ਹੈ ਲ ਘਰ ਦੇ ਵਿਅਰਥ ਪਾਣੀ ਤੋਂ ਖਾਦ ਬਣਾਈ ਜਾਂਦੀ ਹੈ ਜੋ ਪਾਈਪਾਂ ਰਾਹੀਂ ਆਟੋਮੈਟਿਕ ਢੰਗ ਨਾਲ ਬੂਟਿਆਂ ਨੂੰ ਪੈਂਦੀ ਹੈ ਲ ਮੀਂਹ ਦੇ ਪਾਣੀ ਨੂੰ ਪੱਚੀ ਹਜ਼ਾਰ ਲਿਟਰ ਦੇ ਟੈਂਕ ਵਿੱਚ ਇਕੱਠਾ ਕੀਤਾ ਜਾਂਦਾ ਹੈ ਲ ਗਰਮੀਆਂ ਵਿੱਚ ਇਹ ਪਾਣੀ ਬੂਟਿਆਂ ਦੀ ਸਿੰਜਾਈ ਲਈ ਵਰਤਿਆ ਜਾਂਦਾ ਹੈ । ਘਰ ਦੇ ਆਲੇ ਦੁਆਲੇ ਹਰੇ ਭਰੇ ਖੇਤ, ਫਾਰਮ ਅਤੇ ਹਰੀਆਂ ਭਰੀਆਂ ਪਹਾੜੀਆਂ ਦਿਖਾਈ ਦਿੰਦੀਆਂ ਹਨ । ਪਰਿਵਾਰ ਵਿੱਚ ਮੇਰੇ ਤੋਂ ਇਲਾਵਾ ਪਤਨੀ ਮਨਜੀਤ ਕੌਰ, ਬੇਟੇ ਨਵਦੀਪ ਸਿੰਘ, ਲਵਦੀਪ ਸਿੰਘ ਅਤੇ ਸੀਰਤਦੀਪ ਸਿੰਘ ਹਨ । ਮੇਰੇ ਵਲੋਂ ਕੀਤੇ ਕਮਿਊਨਟੀ ਕੰਮਾਂ ਵਿੱਚ ਮੇਰੀ ਪਤਨੀ ਮਨਜੀਤ ਕੌਰ ਦਾ ਅਤੇ ਮੇਰੇ ਬੇਟਿਆਂ ਦਾ ਅਹਿਮ ਯੋਗਦਾਨ ਰਿਹਾ ਹੈ ।

# ਮਾਰਿਆ ਮਾਰਕਾ

ਮੇਰੇ ਜੁਆਕਾਂ ਦੀ ਮਾਂ ਦੇ ਪੇਕਿਆਂ ਦੀ ਵੰਸ਼ ਚੋ ਇੱਕ ਸ਼ਿਲਤ ਜਿਹੀ ਕੁੜੀ ਨੇ ਦਸਵੀਂ ਦੀ ਪ੍ਰੀਖਿਆ ਵਿਚੋਂ 99.4 ਪ੍ਰਤੀਸ਼ਤ ਅੰਕ ਲੈਕੇ ਪੰਚਕੂਲੇ ਵਰਗੇ ਸ਼ਹਿਰ ਵਿੱਚ ਜਿਹੜਾ ਮਾਰਕਾ ਮਾਰਿਆ ਹੈ ਉਸਨੇ ਮਾਸਟਰਾਂ ਦੇ ਟੱਬਰ ਵਾਲ਼ੀ ਗੱਲ ਸਿੱਧ ਕਰ ਦਿੱਤੀ। ਟਿਊਸ਼ਨ ਵਰਗੇ ਹਥਿਆਰ ਨੂੰ ਬਿਨਾਂ ਵਰਤੇ ਵਾਹਵਾ ਨੰਬਰ ਲਿੱਤੇ ਹਨ। ਪਰ ਇਸ ਵਿੱਚ ਹੈਰਾਨੀ ਵਾਲੀ ਕੋਈਂ ਗੱਲ ਨਹੀਂ ਜਿਸ ਦੇ ਦਾਦਾ ਦਾਦੀ ਨਾਨਾ ਨਾਨੀ ਅਧਿਆਪਕ ਰਹੇ ਹੋਣ ਉਹਨਾਂ ਦੇ ਡੀ ਐਨ ਏ ਵਿੱਚ ਬਰਗਰ ਪੀਜ਼ੇ ਨਹੀਂ ਪੜ੍ਹਾਈ ਹੀ ਹੁੰਦੀ ਹੈ।




ਮੇਰੀ ਦਿੱਲੀ ਵਾਲੇ ਸੀ ਬੀਂ ਐਸ ਈ ਬੋਰਡ ਨੂੰ ਬੇਨਤੀ ਹੈ ਕਿ ਇਸ ਕੰਨਿਆ ਦੇ ਪੇਪਰਾਂ ਦਾ ਪੁਨਰ ਪ੍ਰੀਖਣ ਅਤੇ ਦੁਬਾਰਾ ਟੋਟਲ ਜਰੂਰ ਚੈੱਕ ਕੀਤੇ ਜਾਣ। ਕਿਉਂਕਿ ਮੈਨੂੰ ਲਗਦਾ ਹੈ ਕਿ ਨੰਬਰ 102 ਪ੍ਰਤੀਸ਼ਤ ਤੋਂ ਵੀ ਵੱਧ ਹੋਣਗੇ। ਜਰੂਰ ਕਿਤੇ ਗਲਤੀ ਲੱਗੀ ਹੈ।

"ਤੇਰੇ ਦਸਵੀਂ ਚੋ ਕਿੰਨੇ ਪ੍ਰਤੀਸ਼ਤ ਨੰਬਰ ਆਏ ਸੀ।" ਕੱਲ੍ਹ ਆਹ 99.4 ਪ੍ਰਤੀਸ਼ਤ ਨੰਬਰਾਂ ਵਾਲ਼ੀ ਗੱਲ ਸੁਣਕੇ ਮੈਂ ਮੇਰੇ ਜੁਆਕਾਂ ਦੀ ਮਾਂ ਨੂੰ ਛੇੜਦੇ ਹੋਏ ਪੁੱਛਿਆ। ਕਿਉਂਕਿ ਇਹ ਵੀ ਆਪਣੇ ਜਮਾਨੇ ਵਿੱਚ ਕਿਸੇ ਦੀ ਨੂੰਹ ਧੀ ਨਾਲੋਂ ਘੱਟ ਨਹੀਂ ਸੀ।

"ਮੇਰੇ 66 ਪ੍ਰਤੀਸ਼ਤ ਆਏ ਸਨ ਤੇ ਮੈਂ ਸਕੂਲ ਚੋ ਫਸਟ ਆਈ ਸੀ। ਅਜੇ ਵੀ ਮੇਰਾ ਨਾਮ ਮਹਿਮਾ ਸਰਜਾ ਸਕੂਲ ਦੇ ਬੋਰਡ ਤੇ ਲਿਖਿਆ ਹੋਇਆ ਹੈ। ਤੇ ਤੁਹਾਡੇ?" ਭਾਵੇਂ ਉਸਦੇ ਜਵਾਬ ਨੇ ਮੈਨੂੰ ਖੁਸ਼ੀ ਦਿੱਤੀ ਪਰ ਅਖੀਰਲਾ ਸਵਾਲ ਮੇਰੀ ਮਰਦਾਨਗੀ ਦਾ ਕਤਲ ਕਰਨ ਵਾਲਾ ਸੀ।

"ਤੂੰ ਮਾਸਟਰ ਜੀ ਦੀ ਕੁੜੀ ਤੇ ਮੈਂ ਪਟਵਾਰੀ ਦਾ ਮੁੰਡਾ। ਆਪਣਾ ਕੀ ਮੁਕਾਬਲਾ? ਅਸੀਂ ਤਾਂ ਪਾਸ ਹੋਣ ਵਾਸਤੇ 33 ਪ੍ਰਤੀਸ਼ਤ ਨੰਬਰ ਲੈਣ ਦਾ ਨਿਸ਼ਾਨਾ ਮਿੱਥਦੇ ਸੀ ਤੇ 35 ਪਰਸੈਂਟ ਲ਼ੈਕੇ ਛਾਲਾਂ ਮਾਰਦੇ ਸੀ। ਉਂਜ ਦਸਵੀਂ ਚੋ ਮੇਰੇ 56 ਪ੍ਰਤੀਸ਼ਤ ਆਏ ਸੀ ਜੋ ਮੇਰੇ ਮੇਰੇ ਦਾਦਕਿਆਂ ਵਿੱਚ ਮੇਰਾ ਰਿਕਾਰਡ ਸੀ। ਮੈਂ ਕਮਰਸ ਵਿਚ ਗਰੈਜੂਏਸ਼ਨ ਕਰਨ ਵਾਲਾ ਇਕਲੌਤਾ ਸਖਸ਼ ਹਾਂ ਤੇ ਮੇਰਾ ਬੇਟਾ ਸਾਡੇ ਖਾਨਦਾਨ ਦਾ ਇਕਲੌਤਾ ਪੋਸਟ ਗ੍ਰੈਜੂਏਟ।" ਸਰਕਾਰ ਵਾਂਗੂ ਮੈਂ ਵੀ ਆਪਣੇ ਅਨੁਸਾਰ ਅੰਕੜੇ ਪੇਸ਼ ਕਰਕੇ ਆਪਣਾ ਝੰਡਾ ਗੱਡ ਦਿੱਤਾ। ਕਿਸੇ ਨਾ ਕਿਸੇ ਨੂੰ ਉਸਦੇ ਪੁਆਇੰਟ ਛੇ ਪ੍ਰਤੀਸ਼ਤ ਨੰਬਰ ਘੱਟ ਆਉਣ ਦਾ ਦੁੱਖ ਵੀ ਤਾਂ ਜਰੂਰ ਹੋਵੇਗਾ।

**ਰਮੇਸ਼ ਸੇਠੀ ਬਾਦਲ**
**9876627233**

# ਫ਼ਰਾਂਸ 'ਚ ਹੋਇਆ " ਪੰਜਾਬੀ ਜਾਗ੍ਰਿਤੀ ਮੇਲਾ 2025 "

## ਜੋੜੀ ਨੰਬਰ 1 'ਲੱਖਾ- ਨਾਜ਼' ਨੇ ਬੰਨ੍ਹਿਆ ਗਾਇਕੀ ਦਾ ਰੰਗ ਸਰੀ



**/ਵੈਨਕੂਵਰ (ਕੁਲਦੀਪ ਚੁੰਬਰ)-** ਪਿਛਲੇ ਦਿਨੀਂ ਫ਼ਰਾਂਸ ਦੇ ਸ਼ਹਿਰ ਪੈਰਿਸ ਚ " ਪੰਜਾਬੀ ਜਾਗ੍ਰਿਤੀ ਮੇਲਾ " ਪੰਜਾਬ ਚੈਪਟਰ ਓ.ਸੀ.ਆਈ. ਕਾਂਗਰਸ ਫ਼ਰਾਂਸ ਦੇ ਪ੍ਰਧਾਨ ਸੋਨੂੰ ਬੰਗੜ ਅਤੇ ਫ਼ਰਾਂਸ ਕਾਂਗਰਸ ਦੀ ਪੂਰੀ ਯੂਨਿਟ ਵਲੋਂ ਫ਼ਰਾਂਸ ਚ ਕਾਂਗਰਸ ਨੂੰ ਹੋਰ ਮਜਬੂਤ ਕਰਨ ਲਈ ਕਰਾਇਆ ਗਿਆ। ਇਸ ਮੇਲੇ ਚ ਪੰਜਾਬ ਦੀ ਇੰਟਰਨੈਸ਼ਨਲ ਪ੍ਰਸਿੱਧ ਗਾਇਕ ਜੋੜੀ ਲੱਖਾ ਤੇ ਨਾਜ਼ ( ਜੋੜੀ ਨੰਬਰ 1 ) ਨੇ ਆਪਣੇ ਗੀਤਾਂ ਨਾਲ ਦਰਸ਼ਕਾਂ ਦਾ ਦਿਲ ਜਿੱਤਿਆ। ਸੋਨੂੰ ਬੰਗੜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿੱਥੇ ਇਸ ਮੇਲੇ ਵਿੱਚ ਇੰਡੀਅਨ ਓਵਰਸੀਜ਼ ਕਾਂਗਰਸ ਫ਼ਰਾਂਸ ਦੇ ਸੀਨੀਅਰ ਆਗੂ ਜਗਤਾਰ ਸਿੰਘ ਬਿੱਟੂ ਜੀ ਵਿਸ਼ੇਸ਼ ਤੌਰ ਤੇ ਮੇਲੇ ਨੂੰ ਸਹਿਯੋਗ ਦੇਣ ਲਈ ਪਹੁੰਚੇ ਨਾਲ ਹੀ ਬਹੁਤ ਸਾਰੇ ਸਪੋਰਟਸ ਕਲੱਬਾਂ ਦੇ ਮੈਂਬਰ ਤੇ ਹੋਰ ਸਾਥੀ ਵੀ ਪਹੁੰਚੇ ਜਿਵੇਂ ( ਦੋਆਬਾ ਸਪੋਰਟਸ ਕਲੱਬ ਫਰਾਂਸ) ਤੋਂ ਤਜਿੰਦਰ ਸਿੰਘ ਜੋਸ਼ਨ, ਮਨਜੀਤ ਸਿੰਘ ਜੰਮੂ, ਬਲਵਿੰਦਰ ਬਿੰਦਾ, ਰਾਜੂ ਚੰਡੀ ਅਤੇ ( ਪੰਜਾਬ ਸਪੋਰਟਸ ਕਲੱਬ ਫਰਾਂਸ ) ਤੋਂ ਬਾਜ ਸਿੰਘ ਵਿਰਕ, ਰਾਮ ਸਿੰਘ ਵਿਰਕ, ਕੁਲਦੀਪ ਸਿੰਘ, ਸੁੱਖੀ , ਜੱਗੀ ਬੌਸ, ਸੋਨੀ ਕਲੇਰ, ਵਿਜੇ ਸ਼ਰਮਾ, ਉਂਕਾਰ ਖੱਖ, ਜਰਨੈਲ ਥਿੰਦ, ਨਾਨਕ ਸਿੰਘ ਭੁੱਲਰ ਅਤੇ ਬਲਜੀਤ ਸਿੰਘ ਨਾਗਰਾ, ਬੱਬੂ ਕਪੂਰਥਲਾ, ਮਲਕੀਤ ਬੰਗਾ, ਬਲਵਿੰਦਰ ਧਾਮੀ, ਬਲਬੰਤ ਸੁੰਦਰ, ਨਿਸ਼ਾਨ ਸਿੰਘ ਘੋੜਾਵਾਹੀ, ਮਾਸਟਰ ਹਰਜਿੰਦਰ, ਸਾਬੀ, ਗਾਇਕਾ ਸ਼ਰਨ ਚੀਮਾ, ਬਲਵੀਰ ਕੇ.ਪੀ। ਸੋਨੂੰ ਬੰਗੜ ਨੇ ਸਭ ਦਾ ਮੇਲੇ ਚ ਪਹੁੰਚਣ ਤੇ ਤਹਿ ਦਿਲ ਤੋਂ ਧੰਨਵਾਦ ਕੀਤਾ।



# ਡਰੱਗ ਮਾਫੀਏ ਦੇ ਖਾਤਮੇ ਲਈ 22 ਤਰੀਕ ਨੂੰ ਬਸਪਾ ਪੰਜਾਬ ਦੇ ਸਾਰੇ ਜਿਲਾ ਹੈਡਕੁਆਟਰਾਂ ਤੇ ਸੜਕਾਂ ਤੇ ਉਤਰੇਗੀ: ਕਰੀਮਪੁਰੀ



**ਹੁਸ਼ਿਆਰਪੁਰ( ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਪੰਜਾਬ ਵੱਲੋਂ 22 ਮਈ ਨੂੰ ਪੰਜਾਬ ਦੇ ਸਾਰੇ ਜਿਲਿਆਂ ਚ ਡਰੱਗ ਮਾਫੀਆ ਦੇ ਖਾਤਮੇ ਲਈ ਪੰਜਾਬ ਸੰਭਾਲੋ ਮਹਿਮ ਦੇ ਤਹਿਤ ਸੜਕਾਂ ਤੇ ਅੰਦੋਲਨ ਕੀਤਾ ਜਾ ਰਿਹਾ ਉਸ ਰੋਸ ਧਰਨੇ ਪ੍ਰਦਰਸ਼ਨ ਦੀ ਤਿਆਰੀ ਲਈ ਹੁਸ਼ਿਆਰਪੁਰ ਦੇ ਵਿੱਚ ਅੱਜ ਜ਼ਿਲ੍ਹਾ ਹੁਸ਼ਿਆਰਪੁਰ ਦੀ ਬੈਠਕ ਕੀਤੇ ਗਈ ਇਸ ਮੌਕੇ ਸੰਬੋਧਨ ਕਰਦਿਆਂ ਕਰੀਮਪੁਰੀ ਨੇ ਕਿਹਾ ਕਿ ਪੰਜਾਬ ਦੀਆਂ ਮਾਵਾਂ ਦੇ ਪੁੱਤ ਬਚਾਉਣੇ, ਭੈਣਾਂ ਦੇ ਭਰਾ ਬਚਾਉਣੇ,ਧੀਆਂ ਦੇ ਸੁਹਾਗ ਬਚਾਉਣੇ ਪੰਜਾਬ ਦੀ ਧਰਤੀ ਤੋਂ ਡਰੱਗ ਮਾਫੀ ਦਾ ਖਾਤਮਾ ਇਸ ਅੰਦੋਲਨ ਦਾ ਮਕਸਦ ਹੈ ਸਮੂਹ ਪੰਜਾਬੀਆਂ ਨੂੰ ਅਸੀਂ ਸੱਦਾ ਹੈ ਕਿ ਪੰਜਾਬ ਨੂੰ ਇਸ ਗਹਿਰੇ ਸੰਕਟ ਚੋਂ ਕੱਢਣੇ ਲਈ ਬਹੁਜਨ ਸਮਾਜ ਪਾਰਟੀ ਵੱਲੋਂ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਧਰਨੇ ਵਿੱਚ ਵੱਡੇ ਪੱਧਰ ਤੇ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ ਇਸ ਮੌਕੇ ਜੋਨ ਕੋਆਰਡੀਨੇਟਰ ਸਟੇਟ ਜਨਰਲ ਸੈਕਟਰੀ ਚੌਧਰੀ ਗੁਰਨਾਮ ਸਿੰਘ ਠੇਕੇਦਾਰ ਭਗਵਾਨ ਦਾ ਸਟੇਟ, ਸਟੇਟ ਆਗੂ ਮਨਿੰਦਰ ਸ਼ੇਰਪੁਰੀ, ਸਟੇਟ ਆਗੂ ਸੁਖਦੇਵ ਬਿੱਟਾ, ਜਿਲਾ ਪ੍ਰਧਾਨ ਦਲਜੀਤ ਰਾਏ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬਸਪਾ ਆਗੂ ਤੇ ਵਰਕਰ ਮੌਜੂਦ ਸਨ ਇਸ ਮੌਕੇ ਪਾਰਟੀ ਦੇ ਸੰਗਠਨ ਦੀ ਸਮੀਖਿਆ ਵੀ ਕੀਤੀ ਗਈ।

# ਅਧਿਆਪਕਾਂ ਦੀ ਘਾਟ/ ਮਿੰਨੀ ਕਹਾਣੀ

ਪਿੰਡ ਦੇ ਸਰਕਾਰੀ ਹਾਈ ਸਕੂਲ ਦੇ ਦੋ ਅਧਿਆਪਕ ਪਿਛਲੇ ਸਾਲ ਸੇਵਾ ਮੁਕਤ ਹੋ ਗਏ ਸਨ ਅਤੇ ਦੋ ਅਧਿਆਪਕ ਪਦ ਉੱਨਤ ਹੋ ਕੇ ਸਕੂਲ ਵਿੱਚੋਂ ਚਲੇ ਗਏ ਸਨ। ਇਸ ਤਰ੍ਹਾਂ ਸਕੂਲ ਵਿੱਚ ਚਾਰ ਅਧਿਆਪਕਾਂ ਦੀਆਂ ਪੋਸਟਾਂ ਪਿਛਲੇ ਸਾਲ ਤੋਂ ਖਾਲੀ ਪਈਆਂ ਸਨ। ਇਸ ਸਮੱਸਿਆ ਨੂੰ ਹੱਲ ਕਰਨ ਲਈ ਸਕੂਲ ਮੁਖੀ ਨੇ ਪਿੰਡ ਦੇ ਐੱਨ.ਆਰ. ਆਈ. ਵੇਦ ਪ੍ਰਕਾਸ਼ ਨੂੰ ਆਪਣੇ ਦਫਤਰ ਵਿੱਚ ਸੱਦਿਆ, ਜੋ ਕਿ ਕੁਝ ਦਿਨ ਪਹਿਲਾਂ ਇੰਗਲੈਂਡ ਤੋਂ ਆਇਆ ਸੀ। ਦੋ ਸਾਲ ਪਹਿਲਾਂ ਉਸ ਨੇ ਸਕੂਲ ਦੇ ਬੱਚਿਆਂ ਲਈ ਦੋ ਯੂਰਿਨਲਜ਼ ਅਤੇ ਇਕ ਕਲਾਸ ਰੂਮ ਬਣਵਾ ਕੇ ਦਿੱਤੇ ਸਨ। ਸਕੂਲ ਮੁਖੀ ਨੇ ਪਿੰਡ ਦੇ ਸਰਪੰਚ ਹਰਦੀਪ ਸਿੰਘ ਅਤੇ ਆਪਣੇ ਸਕੂਲ ਦੇ ਅਧਿਆਪਕ ਬਲਦੇਵ ਕ੍ਰਿਸ਼ਨ ਨੂੰ ਵੀ ਆਪਣੇ ਦਫਤਰ ਵਿੱਚ ਸੱਦ ਲਿਆ ਤਾਂ ਜੋ ਅਧਿਆਪਕਾਂ ਦੀ ਘਾਟ ਪੂਰੀ ਕਰਨ ਲਈ ਸੋਚ, ਵਿਚਾਰ ਕੀਤੀ ਜਾ ਸਕੇ। ਐੱਨ.ਆਰ.ਆਈ.ਵੇਦ ਪ੍ਰਕਾਸ਼ ਨੇ ਸਕੂਲ ਮੁਖੀ ਨੂੰ ਆਖਿਆ," ਤੁਸੀਂ ਅਧਿਆਪਕਾਂ ਦੀ ਘਾਟ ਪੂਰੀ ਕਰਨ ਲਈ ਦੋ ਅਧਿਆਪਕ ਰੱਖ ਲਓ। ਮੈਂ ਉਨ੍ਹਾਂ ਲਈ ਹਰ ਮਹੀਨੇ ਬਾਰਾਂ, ਬਾਰਾਂ ਹਜ਼ਾਰ ਰੁਪਏ ਤੁਹਾਨੂੰ ਭੇਜ ਦਿਆ ਕਰਾਂਗਾ।" ਸਰਪੰਚ ਹਰਦੀਪ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਆਖਿਆ," ਵੇਦ ਪ੍ਰਕਾਸ਼ ਜੀ, ਉਨ੍ਹਾਂ ਅਧਿਆਪਕਾਂ ਦਾ ਕੀ ਕਰੀਏ ਜਿਹੜੇ ਕਿਸੇ ਨਾ ਕਿਸੇ ਬਹਾਨੇ ਰੋਜ਼ ਛੁੱਟੀ ਤੇ ਰਹਿੰਦੇ ਆ। ਜੇ ਸਕੂਲੇ ਆ ਜਾਂਦੇ ਆ, ਤਾਂ ਕਲਾਸਾਂ ਛੱਡ ਕੇ ਟੈਲੀਫੋਨ ਸੁਣੀ ਜਾਂਦੇ ਆ। ਬੱਚਿਆਂ ਨੂੰ ਕੋਈ ਅੱਖਰ ਪੜ੍ਹਾ ਕੇ ਰਾਜ਼ੀ ਹੀ ਨਹੀਂ।" ਅਧਿਆਪਕ ਬਲਦੇਵ ਕ੍ਰਿਸ਼ਨ ਨੂੰ ਸਰਪੰਚ ਹਰਦੀਪ ਸਿੰਘ ਦੀਆਂ ਇਹ ਗੱਲਾਂ ਬੜੀਆਂ ਚੁਭੀਆਂ। ਉਹ ਤੁਰੰਤ ਬੋਲ ਉੱਠਿਆ," ਦੇਖੋ ਜੀ,ਮੈਂ ਆਪਣੀ ਛੁੱਟੀ ਲੈਨਾਂ। ਫਰਲੋ ਤੇ ਨ੍ਹੀ ਜਾਂਦਾ।" " ਛੁੱਟੀ ਤਾਂ ਤੁਸੀਂ ਆਪਣੀ ਲੈਂਦੇ ਹੋ, ਪਰ ਜਿਹੜਾ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ, ਉਸ ਨੂੰ ਕੌਣ ਪੂਰਾ ਕਰੇ? ਆਪਣੇ ਬੱਚੇ ਤੁਸੀਂ ਪਬਲਿਕ ਸਕੂਲਾਂ ਵਿੱਚ ਲਾਏ ਹੋਏ ਆ। ਦੂਜੇ ਪਾਸੇ ਸਰਕਾਰ ਨੇ ਅਧਿਆਪਕਾਂ ਦੀਆਂ ਤਨਖਾਹਾਂ ਕਵੱਲੀਆਂ ਵਧਾ ਦਿੱਤੀਆਂ ਆਂ।" ਅਧਿਆਪਕ ਬਲਦੇਵ ਕ੍ਰਿਸ਼ਨ ਨੂੰ ਸਰਪੰਚ ਹਰਦੀਪ ਸਿੰਘ ਦੀਆਂ ਇਨ੍ਹਾਂ ਗੱਲਾਂ ਦਾ ਕੋਈ ਜਵਾਬ ਨਾ ਆਇਆ ਤੇ ਉਹ ਚੁੱਪ ਕਰਕੇ ਸਰਪੰਚ ਹਰਦੀਪ ਸਿੰਘ ਦੇ ਮੂੰਹ ਵੱਲ ਵੇਖਦਾ ਰਿਹਾ।

**ਮਹਿੰਦਰ ਸਿੰਘ ਮਾਨ**
**ਫੋਨ -9915803554**

# "ਦੂਰਸੰਚਾਰ ਹੈ ਤਾਂ ਵਿਕਸਤ ਸੰਸਾਰ ਹੈ"

ਅੱਜ ਦੁਨੀਆਂ ਭਰ ਵਿੱਚ ਵਿਸ਼ਵ ਦੂਰਸੰਚਾਰ ਦਿਵਸ ਮਨਾਇਆ ਜਾ ਰਿਹਾ ਹੈ ਜੋ ਕਿ 1969 ਤੋਂ ਹਰ ਸਾਲ 17 ਮਈ ਨੂੰ ਮਨਾਇਆ ਜਾਂਦਾ ਆ ਰਿਹਾ ਹੈ ਜਿਸਦਾ ਦਾ ਮਕਸਦ ਲੋਕਾਂ ਨੂੰ ਦੂਰਸੰਚਾਰ ਦੀ ਮਹੱਤਤਾ ਬਾਰੇ ਜਾਣੂ ਕਰਵਾਉਣਾ ਹੈ ਅਤੇ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਤੱਕ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੀ ਪਹੁੰਚ ਬਣਾਉਣ ਦੇ ਨਾਲ-ਨਾਲ ਲੋਕਾਂ ਵਿੱਚ ਇਸ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ। ਅੱਜ ਦੁਨੀਆਂ ਚੰਦਰਮਾ ਤੇ ਪਹੁੰਚ ਚੁੱਕੀ ਹੈ ਇਹੋ ਜਿਹੀਆਂ ਅਨੇਕਾਂ ਉਪਲੱਬਧੀਆਂ ਲਈ ਦੂਰਸੰਚਾਰ ਦਾ ਬਹੁਤ ਹੀ ਮਹੱਤਵਪੂਰਨ ਯੋਗਦਾਨ ਰਿਹਾ ਹੈ। ਦੂਰਸੰਚਾਰ ਦਾ ਇਤਿਹਾਸ ਅਫਰੀਕਾ, ਅਮਰੀਕਾ ਅਤੇ ਏਸ਼ੀਆ ਦੇ ਕੁੱਝ ਹਿੱਸਿਆਂ ਵਿੱਚ ਧੂਏਂ ਦੇ ਸੰਕੇਤਾਂ ਅਤੇ ਡਰੱਮ ਦੇ ਇਸਤੇਮਾਲ ਨਾਲ ਸ਼ੁਰੂ ਹੋਇਆ ਰਾਜੇ ਮਹਾਰਾਜੇ ਵੀ ਸੰਕੇਤ ਭੇਜਣ ਲਈ ਧੂਏਂ ਅਤੇ ਨਗਾਰੇ ਦਾ ਇਸਤੇਮਾਲ ਕਰਦੇ ਸਨ ਉਸ ਵਕਤ ਦੇ ਇਹੀ ਸਿਗਨਲ ਸਨ ਹੌਲੀ ਹੌਲੀ ਦੂਰਸੰਚਾਰ ਨੇ ਤਰੱਕੀ ਕੀਤੀ ਅਤੇ ਬਿਜਲੀ ਅਤੇ ਅਵਾਜ਼ ਤਰੰਗਾਂ ਦੀ ਨਵੀਂ ਤਕਨੀਕ ਨੇ ਦੁਨੀਆਂ ਨੂੰ ਨਵੀਂ ਦਿਸ਼ਾ ਦਿੱਤੀ। ਸੰਚਾਰ ਅਤੇ ਸੂਚਨਾ ਕਿਸੇ ਵੀ ਦੇਸ਼ ਅਤੇ ਸਮਾਜ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਇਸ ਤੋਂ ਬਿਨਾਂ ਸਾਡਾ ਸਮਾਜ ਅਤੇ ਦੇਸ਼ ਹਨੇਰੇ ਯੁੱਗ ਵਿੱਚ ਰਹਿ ਰਿਹਾ ਹੋਵੇਗਾ। ਦੂਰਸੰਚਾਰ ਕ੍ਰਾਂਤੀ ਦੀ ਬਦੌਲਤ ਅੱਜ ਕੋਈ ਵੀ ਜਾਣਕਾਰੀ ਸਕਿੰਟਾਂ ਵਿੱਚ ਦੁਨੀਆਂ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਪਹੁੰਚ ਜਾਂਦੀ ਹੈ। ਲੋਕ ਆਸਾਨੀ ਨਾਲ ਇੱਕ ਦੂਜੇ ਨਾਲ ਸੰਪਰਕ ਕਰ ਸਕਦੇ ਹਨ। ਕਿਸੇ ਵੀ ਖੇਤਰ ਦੇ ਵਿਕਾਸ ਲਈ ਇਹ ਜ਼ਰੂਰੀ ਹੈ ਕਿ ਉਹ ਦੁਨੀਆਂ ਭਰ ਵਿੱਚ ਵਿਕਸਤ ਹੋ ਰਹੀ ਨਵੀਂ ਤਕਨੀਕ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਰਹਿਣ। ਇਸ ਦਿਸ਼ਾ ਵਿੱਚ ਦੂਰਸੰਚਾਰ ਮੀਡੀਆ ਨੇ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਜਿਨ੍ਹਾਂ ਦੇਸ਼ਾਂ ਨੇ ਦੂਰਸੰਚਾਰ, ਵਿਗਿਆਨ ਅਤੇ ਤਕਨਾਲੋਜੀ ਨੂੰ ਉਤਸ਼ਾਹਿਤ ਕੀਤਾ ਹੈ ਉਹ ਦੇਸ਼ ਵਿਕਸਤ ਦੇਸ਼ ਬਣ ਚੁੱਕੇ ਹਨ। ਕੁਝ ਮਹਾਨ ਖੋਜਕਾਰ ਵਿਗਿਆਨੀ ਦੁਨੀਆਂ ਲਈ ਉਹ ਕੁਝ ਕਰ ਗਏ ਹਨ ਜਿਨ੍ਹਾਂ ਦੀ ਬਦੌਲਤ ਅੱਜ ਸਾਰਾ ਸੰਸਾਰ ਉਨ੍ਹਾਂ ਵੱਲੋਂ ਕੱਢੀਆਂ ਕਾਢਾ ਕਾਰਨ ਆਰਾਮ ਭਰੀ ਜ਼ਿੰਦਗੀ ਬਿਤਾ ਰਿਹਾ ਹੈ। ਸਾਇਕਲ ਤੋਂ ਲੈਕੇ ਜਹਾਜ਼ ਅਤੇ ਟੈਲੀਫੋਨ ਵਰਗੀਆਂ ਚੀਜ਼ਾਂ ਬਣਾਉਣ




ਵਾਲੇ ਖੋਜੀਆਂ ਨੂੰ ਬਹੁਤ ਘੱਟ ਲੋਕੀ ਜਾਣਦੇ ਹਨ ਪਰ ਸੱਚਮੁੱਚ ਅਜਿਹੇ ਮਹਾਨ ਖੋਜਕਾਰ ਪੂਜਣ ਯੋਗ ਹਨ ਜਿਨ੍ਹਾਂ ਦੀ ਬਦੌਲਤ ਅੱਜ ਦੁਨੀਆਂ ਦੇ ਬਹੁਤ ਸਾਰੇ ਦੇਸ਼ ਵਿਕਾਸ ਦੀ ਸਿਖਰ ਤੇ ਹਨ ਅਤੇ ਗਰੀਬੀ ਮੁਕਤ ਦੇਸ਼ ਬਣਕੇ ਸਾਰੀਆਂ ਸੁੱਖ ਸਹੂਲਤਾਂ ਦਾ ਅਨੰਦ ਮਾਣ ਰਹੇ ਹਨ ਪਰ ਅਫਸੋਸ ਕਿ ਭਾਰਤ ਨਵੀਂ ਤਕਨਾਲੋਜੀ ਵਿੱਚ ਵਿਕਸਤ ਦੇਸ਼ਾਂ ਤੋਂ ਬਹੁਤ ਪਿੱਛੇ ਚੱਲ ਰਿਹਾ ਹੈ। ਭਾਰਤ ਵਿੱਚ ਅਜਿਹੇ ਮਹਾਨ ਖੋਜਕਾਰਾਂ ਅਤੇ ਵਿਗਿਆਨੀਆ ਦੀ ਸੋਚ ਨੂੰ ਪ੍ਰਫੁੱਲਿਤ ਕਰਨ ਦੀ ਬਜਾਏ ਅੰਧਵਿਸ਼ਵਾਸ, ਰੂੜੀਵਾਦੀ ਸੋਚ ਅਤੇ ਅਖੌਤੀ ਬਾਬਿਆਂ ਨੂੰ ਪ੍ਰਫੁੱਲਤ ਕੀਤਾ ਜਾ ਰਿਹਾ ਹੈ। ਜੇਕਰ ਦੂਰਸੰਚਾਰ ਦੇ ਇਤਿਹਾਸ ਦੀ ਗੱਲ ਕਰੀਏ ਤਾਂ ਅੱਜ ਤੋਂ ਕਈ ਸਾਲ ਪਹਿਲਾਂ ਕਿਸੇ ਨੇ ਸੋਚਿਆ ਵੀ ਨਹੀਂ ਹੋਵੇਗਾ ਕਿ ਅਸੀਂ ਘਰ ਬੈਠੇ ਹੀ ਦੁਨੀਆ ਦੇ ਹਰ ਕੋਨੇ ਵਿਚ ਆਪਣੇ ਚਹੇਤਿਆਂ ਨਾਲ ਗੱਲਬਾਤ ਕਰ ਸਕਾਂਗੇ। ਟੈਲੀਫੋਨ ਦੀ ਘੰਟੀ ਐਵੇਂ ਨਹੀਂ ਵੱਜਣ ਲੱਗੀ ਸੀ। ਇਸ ਪਿੱਛੇ ਵਿਗਿਆਨੀ ਅਲੈਗਜ਼ੈਂਡਰ ਗ੍ਰਾਹਮ ਬੈੱਲ ਦੀ ਮਿਹਨਤ ਲੱਗੀ ਹੋਈ ਹੈ ਜਿਸ ਦੀ ਬਦੌਲਤ ਅੱਜ ਦੁਨੀਆਂ ਦਾ ਹਰ ਵਿਅਕਤੀ ਦੁਨੀਆਂ ਨੂੰ ਆਪਣੀ ਮੁੱਠੀ ਵਿੱਚ ਵਿਚ ਲੈਕੇ ਘੁੰਮ ਰਿਹਾ ਹੈ ਭਾਵ ਕਿ ਹਰ ਕਿਸੇ ਕੋਲ ਮੋਬਾਇਲ ਹੈ ਬੇਸ਼ੱਕ ਕੁੱਝ ਲੋਕ ਇਸ ਨੂੰ ਚੰਗਾ ਨਹੀਂ ਸਮਝਦੇ ਪਰ ਸੱਚ ਇਹ ਹੈ ਕਿ ਮੋਬਾਈਲ ਤੋਂ ਬਿਨਾਂ ਜ਼ਿੰਦਗੀ ਰੁਕ ਜਾਂਦੀ ਹੈ ਅੱਜ ਇਨਸਾਨ ਰੋਟੀ ਤੋਂ ਬਿਨਾਂ ਚਾਰ ਦਿਨ ਰਹਿ ਸਕਦਾ ਹੈ ਪਰ ਮੋਬਾਈਲ ਤੋਂ ਬਿਨਾਂ ਗੁਜ਼ਾਰਾ ਨਹੀਂ ਕਿਉਂ ਕਿ ਅੱਜ ਸਾਰਾ ਬਿਜ਼ਨਸ, ਬੈਂਕਾਂ ਦੇ ਕੰਮ, ਦਫ਼ਤਰਾਂ ਦੇ ਕੰਮ, ਆਨਲਾਈਨ ਸ਼ਾਪਿੰਗ, ਬਿਲ ਪੇਮੈਂਟ ਆਦਿ ਬਹੁਤ ਸਾਰੇ ਕੰਮ ਮੋਬਾਈਲ ਤੇ ਹੀ ਹੋਣ ਲੱਗ ਪਏ ਹਨ ਅਤੇ ਇਸ ਨੇ ਦੁਨੀਆ ਵਿੱਚ ਵਿਕਾਸ ਦੀ ਰਫਤਾਰ ਨੂੰ ਹੋਰ ਤੇਜ ਕੀਤਾ ਹੈ। ਅੱਜ ਅਸੀਂ ਦੁਨੀਆਂ ਦੇ ਕਿਸੇ ਵੀ ਕੋਨੇ ਚ ਬੈਠੇ ਵਿਅਕਤੀ ਨਾਲ ਗੱਲ ਕਰ ਸਕਦੇ ਹਾਂ ਉਹ ਵੀ ਤਸਵੀਰਾਂ ਨਾਲ ਕੋਈ ਵਕਤ ਸੀ ਜਦੋਂ ਟੈਲੀਫੋਨ ਇਜ਼ਾਦ ਨਹੀਂ ਹੋਇਆ ਸੀ ਲੋਕੀ ਆਪਣੇ ਸੁਨੇ-ਹੇ ਢੋਲ ,ਨਗਾਰੇ ਅਤੇ ਕਬੂਤਰਾਂ ਦੇ ਪੈਰਾਂ ਵਿੱਚ ਚਿਠੀ ਬੰਨ੍ਹ ਕੇ ਭੇਜਦੇ ਸੀ ਫਿਰ ਹੌਲੀ ਹੌਲੀ ਚਿੱਠੀਆਂ ਦਾ ਦੌਰ ਚੱਲਿਆ। ਫਿਰ ਵਕਤ ਨੇ ਨਵੀਂ ਕਰਵਟ ਲਈ ਅਤੇ ਸਕਾਟਲੈਂਡ ਦੇ ਸ਼ਹਿਰ ਐਡਨਬਰਗ ਵਿਚ 3 ਮਾਰਚ 1847 ਨੂੰ ਟੈਲੀਫੋਨ ਦੀ ਬੈਲ ਬਜਾਉਣ ਵਾਲੇ ਐਲੇਗਜ਼ੈਂਡਰ ਗ੍ਰਾਹਮ ਬੈੱਲ ਦਾ ਜਨਮ ਹੋਇਆ ਇਸ ਤੋਂ ਪਹਿਲਾਂ ਕਿਸੇ ਦੇ ਵੀ ਘਰੇ ਟੈਲੀਫੋਨ ਦੀ ਘੰਟੀ ਨਹੀਂ ਸੀ ਵੱਜਦੀ। ਬੈੱਲ ਨੂੰ ਵਿਗਿਆਨੀ, ਖੋਜਕਾਰ, ਇੰਜੀਨੀਅਰ ਅਤੇ ਅਧਿਆਪਕ ਦੇ ਤੌਰ ਉੱਤੇ ਵੀ ਜਾਣਿਆ ਜਾਂਦਾ ਹੈ। ਉਹ ਪਹਿਲਾ ਵਿਗਿਆਨੀ ਅਤੇ ਖੋਜੀ ਹੈ ਜਿਸ ਨੇ 14 ਫਰਵਰੀ 1876 ਨੂੰ ਟੈਲੀਫੋਨ ਦੇ ਅਮਲੀ ਰੂਪ ਵਿਚ ਕੰਮ ਕਰਨ ਦੀ ਕਾਢ ਕੱਢੀ ਅਤੇ ਹੁਣ ਤਕ ਉਸ ਦੇ ਨਾਂ ਉੱਤੇ ਪੇਟੈਂਟ ਹੈ ਭਾਵ ਸਰਕਾਰੀ ਮੋਹਰ ਹੈ। ਬੈੱਲ ਉਮਰ ਦੇ ਮੁੱਢਲੇ ਸਾਲਾਂ ਵਿਚ ਹੀ ਸੰਵੇਦਨਸ਼ੀਲ, ਕੁਦਰਤ ਨੂੰ ਪਿਆਰ ਕਰਨ ਵਾਲਾ ਅਤੇ ਕਲਾ ਦੀ ਕਦਰ ਕਰਨ ਵਾਲਾ ਸੀ। ਉਹ ਕਵਿਤਾਵਾਂ ਤੇ ਸੰਗੀਤ ਨਾਲ ਵੀ ਲਗਾਅ ਰੱਖਦਾ ਸੀ। ਇਸ ਕਲਾ ਨੂੰ ਨਿਖਾਰਨ ਲਈ ਉਸ ਦੀ ਮਾਤਾ ਨੇ ਉਸ ਨੂੰ ਉਤਸ਼ਾਹਿਤ ਕੀਤਾ ਅਤੇ ਪਿਆਨੋ ਵਜਾਉਣਾ ਸਿਖਾਇਆ। ਉਹ ਆਪਣੀ ਆਵਾਜ਼ ਦੀ ਕਲਾ ਦਾ ਇਜ਼ਹਾਰ ਕਰਦਾ ਹੋਇਆ ਪਰਿਵਾਰ ਅਤੇ ਲੋਕਾਂ ਦਾ ਮਨੋਰੰਜਨ ਕਰਦਾ ਸੀ। ਬੈੱਲ ਨੂੰ ਉਸ ਦੀ ਮਾਤਾ ਦੇ ਬੋਲ਼ੇ ਹੋਣ ਨੇ ਕਾਫੀ ਪ੍ਰਭਾਵਿਤ ਕੀਤਾ ਸੀ। ਜਦੋਂ ਬੈੱਲ ਕੇਵਲ 12 ਸਾਲਾਂ ਦਾ ਸੀ ਉਦੋਂ ਉਸ ਦੀ ਮਾਤਾ ਦੀ ਸੁਣਨ ਦੀ ਸ਼ਕਤੀ ਚਲੀ ਗਈ। ਇਸ ਲਈ ਉਸ ਨੇ ਇਸ਼ਾਰਿਆਂ ਦੀ ਭਾਸ਼ਾ ਸਿੱਖੀ। ਬੈੱਲ ਨੇ ਸਿੱਧੇ ਤੌਰ ਉੱਤੇ ਇਕ ਤਕਨੀਕ ਤਿਆਰ ਕੀਤੀ ਜਿਸ ਨਾਲ ਉਸ ਦੀ ਮਾਤਾ ’ਚ ਸਭ ਸਮਝਣ ਅਤੇ ਸੁਣਨ ਵਰਗੀ ਸ਼ਕਤੀ ਪੈਦਾ ਹੋਈ। ਮਾਤਾ ਦੇ ਬੋਲ਼ੇਪਨ ਕਾਰਨ ਬੈੱਲ ਅੰਦਰ ਤਰੰਗਾਂ ਤੋਂ ਸੁਣਨ ਦੀ ਭਾਸ਼ਾ ਦੇ ਗਿਆਨ ਵਿਚ ਵਾਧਾ ਹੋਇਆ। ਉਹ ਸਕੂਲ ਦੀ ਪੜ੍ਹਾਈ ਛੱਡ ਕੇ ਆਪਣੇ ਦਾਦੇ ਨਾਲ ਲੰਡਨ ਚਲਾ ਗਿਆ। ਆਪਣੇ ਦਾਦੇ ਕੋਲ ਰਹਿੰਦੇ ਹੋਏ ਉਸ ਅੰਦਰ ਸਿੱਖਣ ਲਈ ਪਿਆਰ ਅਤੇ ਲੰਬਾ ਸਮਾਂ ਗੰਭੀਰ ਮਸਲਿਆਂ ਉੱਤੇ ਤਰਕ- ਵਿਚਾਰ ਕਰਨ ਦਾ ਮੌਕਾ ਮਿਲਿਆ। ਉਸ ਨੇ ਲਤੀਨੀ ਸਕਾਟਿਸ, ਸੰਸਕ੍ਰਿਤ ਅਤੇ ਯੂਨਾਨੀ ਭਾਸ਼ਾ ਦਾ ਗਿਆਨ ਵੀ ਪ੍ਰਾਪਤ ਕੀਤਾ। ਬੈੱਲ 1865 ਵਿਚ ਪਰਿਵਾਰ ਸਮੇਤ ਲੰਡਨ ਚਲਾ ਗਿਆ। ਉੱਥੇ ਉਸ ਨੇ ਆਵਾਜ਼ ਪ੍ਰਤੀ ਬਿਜਲੀ ਦੇ ਸਬੰਧ ਵਿਚ ਪ੍ਰਯੋਗ ਕੀਤੇ। ਗ੍ਰਾਹਮ ਬੈੱਲ ਬੋਲ਼ਿਆਂ ਦੇ ਸਕੂਲ ਵਿਚ ਆਵਾਜ਼ ਅਤੇ ਫਿੰਗਰ ਭਾਸ਼ਾ ਉੱਤੇ ਕੀਤੇ ਕੰਮ ਦੇ ਆਧਾਰ ਤੇ ਸਕੂਲ ’ਚ ਸਿੱਖਿਆ ਦੇਣ ਵਾਲੇ ਇੰਸਟਰਕਟਰਾਂ ਨੂੰ ਟਰੇਨਿੰਗ ਦੇਣ ਵਿੱਚ ਵੀ ਕਾਮਯਾਬ ਰਿਹਾ। ਉਸ ਨੇ ਬੋਲ਼ੇ ਵਿਦਿਆਰਥੀਆਂ ਨੂੰ ਪੜ੍ਹਾਉਣਾ ਵੀ ਸ਼ੁਰੂ ਕੀਤਾ। ਗ੍ਰਾਹਮ ਬੈੱਲ ਵਲੋਂ 1876 ਵਿੱਚ ਪਹਿਲਾਂ ਟੈਲੀਫੋਨ ਇਜ਼ਾਦ ਕੀਤਾ ਗਿਆ ਅਤੇ 1888 ਵਿੱਚ ਅਲਮੋਨ ਦੇ ਸਟਰੌਜਰ ਵਲੋਂ ਪਹਿਲੀ ਟੈਲੀਫੋਨ ਐਕਸਚੇਂਜ ਦੀ ਕਾਢ ਕੱਢੀ ਗਈ। ਇਸ ਤੋਂ ਬਾਅਦ 1970 ਤੋਂ 1980 ਦੇ ਵਿਚਾਲੇ ਡਿਜੀਟਲ ਐਕਸਚੇਂਜਾ ਦਾ ਦੌਰ ਸ਼ੁਰੂ ਹੋਇਆ ਜਿਨਾਂ ਵਿੱਚ ਕਰੌਸ ਵਾਰ, ਅਤੇ ਈ.ਐਸ.ਐਸ ਐਕਸਚੇਂਜਾ ਮੁੱਖ ਸਨ। ਇਸ ਤੋਂ ਬਾਅਦ ਨਵੀਂ ਤਕਨਾਲੋਜੀ ਵਾਲੀਆਂ ਬਹੁਤ ਸਾਰੀਆਂ ਐਕਸਚੇਜਾਂ ਇਜ਼ਾਦ ਹੋਈਆਂ ਜਿਨ੍ਹਾਂ ਵਿੱਚ ੳ-10ਭ , ਛ.ਧੌਠ, 5 ੳਸ਼ਸ਼, ਅਦਿ ਮੁੱਖ ਸਨ। ਇਸ ਤੋਂ ਬਾਅਦ 3 ਅਪ੍ਰੈਲ 1973 ਨੂੰ ਦੁਨੀਆਂ ਦਾ ਪਹਿਲਾ ਮੋਬਾਈਲ ਫੋਨ ਇਜ਼ਾਦ ਹੋਇਆ ਜਿਸ ਦਾ ਵਜ਼ਨ ਕਰੀਬ 2 ਕਿਲੋ ਸੀ। ਭਾਰਤ ਵਿੱਚ ਪਹਿਲਾਂ ਮੋਬਾਈਲ ਫੋਨ 21 ਜੁਲਾਈ 1995 ਨੂੰ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਜਿਉਤੀ ਬਾਸੂ ਜੀ ਵਲੋਂ ਲਾਂਚ ਕੀਤਾ ਗਿਆ। ਹੁਣ ਇਹ ਤਕਨੀਕ 5ਘ ਤੱਕ ਪਹੁੰਚ ਚੁੱਕੀ ਹੈ। ਅੱਜ ਦੁਨੀਆਂ ਦਾ ਹਰ ਖੇਤਰ ਬੈਂਕਿੰਗ, ਇੰਡਸਟਰੀਜ਼, ਆਰਮੀ, ਪੁਲਿਸ, ਸਿਹਤ, ਸਿੱਖਿਆ ਅਦਿ ਦੂਰਸੰਚਾਰ ਨਾਲ ਜੁੜੇ ਹੋਏ ਹਨ। ਅਫਸੋਸ ਦੀ ਗੱਲ ਹੈ ਕਿ ਭਾਰਤ ਸਮੇਤ ਕਈ ਦੇਸ਼ ਅਜੇ ਵੀ ਵਿਗਿਆਨ, ਤਕਨਾਲੋਜੀ, ਅਤੇ ਖੋਜਕਾਰੀ ਵਿੱਚ ਵਿਕਾਸਸ਼ੀਲ ਦੇਸ਼ਾਂ ਤੋਂ ਕਾਫੀ ਫਾਡੀ ਰਹਿ ਗਏ ਹਨ। ਅੱਜ ਦੇਸ਼ ਨੂੰ ਆਉਣ ਵਾਲੇ ਭਵਿੱਖ ਲਈ ਅੰਧਵਿਸ਼ਵਾਸੀ ,ਅਤੇ ਰੂੜੀਵਾਦੀ ਸੋਚ ਤੋਂ ਬਾਹਰ ਨਿਕਲ ਕੇ ਵਿਗਿਆਨ, ਨਵੀਂ ਤਕਨਾਲੋਜੀ ਅਤੇ ਖੋਜਕਾਰੀ ਦੇ ਨਵੇਂ ਰਸਤੇ ਖੋਜੇ ਜਾਣ ਦੀ ਲੋੜ ਹੈ। ਅੱਜ ਦੇਸ਼ ਨੂੰ ਪਖੰਡੀ ਬਾਬੇ ਨਹੀਂ ਵਿਗਿਆਨੀ ਪੈਦਾ ਕਰਨ ਦੀ ਲੋੜ ਹੈ।



ਕੁਲਦੀਪ ਸਿੰਘ ਸਾਹਿਲ
9417990040

# ਬਜ਼ੁਰਗ ਹੁੰਦੇ ਹਨ ਘਰ ਦਾ ਤਾਲਾ

ਅੱਜ ਸਾਂਝੇ ਪਰਿਵਾਰਾਂ ਦੀ ਥਾਂ ਇਕੱਠੇ ਇਕਹਿਰੇ ਪਰਿਵਾਰਾਂ ਰਹਿ ਗਏ ਹਨ। ਪਰ ਅੱਜ ਦੁੱਖ ਇਸ ਗੱਲ ਦਾ ਹੈ ਇਹ ਇਕਹਿਰੇ ਪਰਿਵਾਰ ਹੋਰ ਵੀ ਇਕੱਲੇ ਹੋ ਗਏ ਹਨ। ਬੱਚੇ ਮਾਂ ਬਾਪ ਸਭ ਆਪਣੇ ਆਪਣੇ ਕਮਰਿਆਂ ਵਿੱਚ ਟੀਵੀ ਜਾਂ ਮੋਬਾਇਲ ਫੋਨ ਵਿੱਚ ਰੁਝ ਜਾਂਦੇ ਹਨ। ਇੱਥੇ ਸਿੱਖਣ ਸਿਖਾਉਣ ਦੇ ਮੌਕੇ ਬਹੁਤ ਘੱਟ ਮਿਲਦੇ ਹਨ ।ਬਜ਼ੁਰਗਾਂ ਦਾ ਸਤਿਕਾਰ ਕਰਨਾ ਉਨ੍ਹਾਂ ਦੇ ਦੇ ਮਨਾਂ ਵਿੱਚੋਂ ਮਨਫੀ ਹੋ ਗਿਆ ਹੈ। ਜੇਕਰ ਅਸੀਂ ਆਪਣੇ ਬਜ਼ੁਰਗਾਂ ਦਾ ਸਤਿਕਾਰ ਕਰਾਂਗੇ, ਤਾਂ ਹੀ ਅਸੀਂ ਬੁੱਢੇ ਹੋ ਕੇ ਮਾਣ ਸਤਿਕਾਰ ਦੇ ਹੱਕਦਾਰ ਹੋਵਾਂਗੇ। ਪਹਿਲਾਂ ਗਊ ਨੂੰ ਮਾਤਾ ਦਾ ਦਰਜ਼ਾ ਕੀਤਾ ਜਾਂਦਾ ਸੀ ।ਇਥੇ ਬਜ਼ੁਰਗਾਂ ਨੂੰ ਰੱਬ ਦਾ ਰੂਪ ਮੰਨਿਆ ਜਾਂਦਾ ਸੀ। ਸਾਰੀ ਗੱਲਬਾਤ ਬਜ਼ੁਰਗਾਂ ਨਾਲ ਸਾਂਝੀ ਕੀਤੀ ਜਾਂਦੀ ਸੀ। ਬਜ਼ੁਰਗ ਘਰ ਦੇ ਆਗੂ ਹੁੰਦੇ ਸਨ ।ਸਾਡੇ ਪਰਿਵਾਰ ਵਾਲੇ ਆਪਣੇ ਮਾਤਾ ਪਿਤਾ ਭਾਵ ਦਾਦਾ- ਦਾਦੀ ਭਾਵ ਬਜ਼ੁਰਗਾਂ ਦਾ ਆਦਰ ਕਰਦੇ ਸਨ। ਪੁਰ-ਾਣੇ ਸਮੇਂ ਵਿੱਚ ਪਰਿਵਾਰ ਦਾ ਕੋਈ ਮੈਂਬਰ ਤਿੰਨ -ਪੰਜ ਕਰਦਾ ਜਾ ਜਿੱਦ ਕਰਦਾ ਤਾਂ ਬਜ਼ੁਰਗਾਂ ਦਾ ਖੂੰਡਾ ਦੇਖ ਕੇ ਨਾਲ ਦੀ ਨਾਲ ਚੁੱਪ ਕਰ ਜਾਂਦਾ ।ਬਜ਼ੁਰਗਾਂ ਦੇ ਸਾਹਮਣੇ ਉੱਚੀ ਬੋਲਣ ਦਾ ਕੋਈ ਹੀਆ ਨਹੀਂ ਕਰਦਾ ਸੀ । ਸ ਸਾਡੇ ਪੁਰਾਣੇ ਬਜ਼ੁਰਗ ਘੰਗੂਰਾ ਮਾਰ ਕੇ ਕੁੰਡਾ ਖੜਕਾ ਕੇ ਘਰ ਵਿੱਚ ਪ੍ਰਵੇਸ਼ ਕਰਦੇ ਸਨ ,ਤਾਂ ਸਾਰਾ ਟੱਬਰ ਸਾਵਧਾਨ ਹੋ ਕੇ ਆਪਣੇ ਆਪਣੇ ਕੰਮਾਂ ਨੂੰ ਭਰਿੰਡਾਂ ਵਾਂਗ ਚਿੰਬੜ ਜਾਂਦੇ ਸਨ। ਗਲੀ ਮਹੱਲੇ ਦੇ ਲੋਕ ਵੀ ਬਜ਼ੁਰਗਾਂ ਨਾਲ ਆਪਣਾ ਦੁੱਖ ਸਾਂਝਾ ਕਰ ਲੈਂਦੇ ਸਨ। ਤਾਹੀਓ ਤਾਂ ਕਹਿੰਦੇ ਸਨ ਤਿੰਨ ਰੰਗ ਨਹੀਂ ਲੱਭਣੇ ਹੁਸਨ ,ਜਵਾਨੀ, ਮਾਪੇ । ਜਾਂ

ਬਜ਼ੁਰਗ ਹੁੰਦੇ ਨੇ ਬੋਹੜ ਦੀਆਂ ਛਾਵਾਂ,
ਨਸੀਬਾਂ ਵਾਲੇ ਛਾਂ ਮਾਨਦੇ।
ਕੀ ਹੁੰਦੀਆਂ ਨੇ ਮਾਂ ਦੀਆਂ ਦੁਆਵਾਂ,
ਬੇਕਦਰੇ ਕੀ ਜਾਣਦੇ।

ਸਿਆਣੇ ਲੋਕ ਬਜ਼ੁਰਗਾਂ ਦੀ ਤੁਲਨਾ ਬੋਹੜ ਨਾਲ ਕਰਦੇ ਸਨ। ਬੋਹੜ ਦੀ ਛਾਂ ਹੇਠ ਗਰਮੀਆਂ ਸਮੇਂ ਬੈਠਕੇ ਆਨੰਦ ਆ ਜਾਂਦਾ, ਅਤੇ ਮਨ ਖੁਸ਼ ਹੋ ਜਾਂਦਾ ।ਇਸੇ ਤਰ੍ਹਾਂ ਬਜ਼ੁਰਗਾਂ ਕੋਲ ਬੈਠ ਕੇ ਉਹਨਾਂ ਦੇ ਤਜ਼ਰਬੇ ਦੀਆਂ ਗੱਲਾਂ ਸੁਣ ਕੇ ਹੌਂਸਲਾ ਮਿਲਦਾ ਅਤੇ ਕਾਫ਼ੀ ਕੁਝ ਸਿੱਖਣ ਨੂੰ ਮਿਲਦਾ। ਛੋਟੇ ਹੁੰਦੇ ਅਸੀਂ ਬਜ਼ੁਰਗਾਂ ਦੀ ਉਂਗਲ ਫੜ ਕੇ ਹੀ ਤੁਰਨਾ ਫਿਰਨਾ ਸਿੱਖਦੇ ਹਾਂ ।ਬਜ਼ੁਰਗ ਸਾਡੇ ਰਾਹ ਦਾ ਚਾਨਣ ਮੁਨਾਰਾ ਹੁੰਦੇ ਸਨ ।ਜਿਹੜੇ ਬਜ਼ੁਰਗਾਂ ਦੀ ਮੁਸਕਰਾਹਟ ਦਾ ਮਤਲਬ ਸਮਝ ਜਾਂਦੇ ਸਨ, ਉਹ ਤਰੱਕੀ ਦੀਆਂ ਮੰਜ਼ਲਾਂ ਸਰ ਕਰ ਲੈਂਦੇ ਸਨ। ਪਰ ਅੱਜ ਅਸੀਂ ਬਜ਼ੁਰਗਾਂ ਦੀਆਂ ਅਸੀਸਾਂ ਨਹੀਂ ਲੈ ਸਕਦੇ ਜੋ ਕਿ ਸਾਨੂੰ ਮੁਫ਼ਤ ਵਿੱਚ ਦਿੰਦੇ ਹਨ ।ਅਸੀਂ ਆਪਣੇ ਮਾਂ -ਪਿਓ ਨੂੰ ਸਾਂਭਣ ਦੇ ਮਾਰੇ ਬਿਰਧ ਆਸ਼ਰਮਾਂ ਵਿੱਚ ਭੇਜ ਦਿੰਦੇ ਹਨ । ਤਾਹੀਓ ਤਾਂ ਪੰਜਾਬ ਵਿੱਚ ਬਿਰਧ ਆਸ਼ਰਮਾਂ ਗਿਣਤੀ ਵੱਧਦੀ ਜਾ ਰਹੀ ਹੈ ।ਮਾਂ ਨੂੰ ਅਸੀਂ ਰੱਬ ਦਾ ਰੂਪ ਸਮਝਦੇ ਹਾਂ ਪਰ ਸਾਡੇ ਅਸੀਂ ਮਾਂ ਦੀਆ ਅਸੀਸਾਂ ਵੀ ਨਹੀਂ ਲੈ ਸਕਦੇ। ਐਵੇਂ ਤਾਂ ਨਹੀਂ ਕਿਸੇ ਨੇ ਆਖਿਆ ਹੈ....

ਮਾਂ ਦੀ ਪੂਜਾ ਰੱਬ ਦੀ ਪੂਜਾ,
ਮਾਂ ਹੈ ਰੱਬ ਦਾ ਰੂਪ ਹੈ ਦੂਜਾ।

ਪੁਰਾਣੇ ਸਮੇਂ ਵਿੱਚ ਬਜ਼ੁਰਗਾਂ ਦਾ ਬਹੁਤ ਮਾਣ -ਸਤਿਕਾਰ ਹੁੰਦਾ ਸੀ। ਪਰ ਹੁਣ ਦੇ ਸਮੇਂ ਵਿੱਚ ਮਨੁੱਖੀ ਤਸ਼ੱਦਦ ਅਤੇ ਵਿਤਕਰਾ ਕੀਤਾ ਜਾ ਰਿਹਾ ਹੈ ।ਅੱਜ ਕੱਲ੍ਹ ਵੀ ਬਹੁਤ ਸਾਰੇ ਅਜਿਹੇ ਪਰਿਵਾਰ ਹਨ ।ਜਿੱਥੇ ਬੈਠੇ ਬਜ਼ੁਰਗ ਆਪਣੀ ਹੋਣੀ ਤੇ ਝੁਰਦੇ ਹਨ, ਤੇ ਘਰੋਂ ਧੱਕੇ ਪੈਂਦੇ ਹਨ। ਬਜ਼ੁਰਗਾਂ ਦਾ ਮੰਜਾ ਤੂੜੀ ਵਾਲੇ ਕੋਠੇ ਵਿੱਚ ਡਾਹ ਦਿੰਦੇ ਹਾਂ। ਸਾਂਭ ਸੰਭਾਲ ਨਹੀਂ ਕਰਦੇ। ਆਪ ਆਪਾਂ ਏ. ਸੀ. ਲਾ ਕੇ ਸੌ ਜਾਂਦੇ ਹਾਂ ।ਅਸੀਂ ਬਜ਼ੁਰਗਾਂ ਨੂੰ ਵਾਧੂ ਦੀ ਨਕਾਰਾ ਚੀਜ਼ ਬਣਾ ਕੇ ਲਾਵਾਰਸ ਛੱਡਿਆ ਹੈ । ਪੰਜਾਬੀਓ ਮਰ ਜਾਓ ਚੱਪਣੀ ਵਿੱਚ ਨੱਕ ਡਬੋ ਕੇ। ਅਸੀਂ ਕਥਿਤ ਤੌਰ ਤੇ ਮਾਡਰਨ ਹੋ ਗਏ ਹਾਂ ,ਪੱਛਮੀਕਰਨ 'ਤੇ ਸੱਭਿਆਚਾਰ ਦੇ ਹਨੇਰੇ ਵਿੱਚ ਰੁਲ ਗਏ ਹਾਂ। ਸਾਡੀ ਨੌਜਵਾਨ ਪੀੜ੍ਹੀ ਅੱਥਰੇ ਘੋੜੇ ਵਾਂਗ ਬੇਲਗਾਮ ਹੋ ਕੇ ਵਿਦੇਸ਼ਾਂ ਨੂੰ ਉਡਾਰੀ ਮਾਰ ਰਹੀ ਹੈ। ਪਰ ਬਜ਼ੁਰਗ ਨੂੰ ਘਰ ਛੱਡ ਜਾਂਦੇ ਹਨ। ਅੱਜ ਕੱਲ ਮਾਪਿਆਂ ਨੂੰ ਸਾਂਭਣ ਨਾਲੋਂ ਬੱਚਿਆਂ ਦਾ ਫ਼ਿਕਰ ਜ਼ਿਆਦਾ ਰਹਿੰਦਾ ਹੈ। ਪਹਿਲਾਂ ਸੰਯੁਕਤ ਪਰਿਵਾਰ ਹੁੰਦੇ ਸਨ। ਵੱਡਿਆਂ ਤੋਂ ਛੋਟਿਆਂ ਨੂੰ ਬਹੁਤ ਕੁਝ ਸਿੱਖਣ ਨੂੰ ਦਾ ਮੌਕਾ ਮਿਲਦਾ ਸੀ ।ਬੱਚੇ ਬਜ਼ੁਰਗਾਂ ਦੇ ਅਨੁਸ਼ਾਸਨ ਵਿੱਚ ਰਹਿੰਦੇ ਸਨ ਅਤੇ ਆਦਰ ਕਰਦੇ ਸਨ। ਸਾਨੂੰ ਆਪਣਾ ਵਿਰਸਾ ਸੰਭਾਲਣਾ ਚਾਹੀਦਾ ਹੈ ।ਸੱਭਿਆਚਾਰ ਬਚਾਉਣਾ ਹੈ, ਤਾਂ ਬਜ਼ੁਰਗਾਂ ਦੀ ਦੇਖਰੇਖ ਕਰੋ। ਜੋ ਕਿ ਸਾਡਾ ਮੁੱਢਲਾ ਫਰਜ਼ ਹੈ। ਬਜ਼ੁਰਗ ਮਾਣ ਸਤਿਕਾਰ ਦੇ ਭੁੱਖੇ ਹੁੰਦੇ ਹਨ ।ਇੱਕ ਵਾਰੀ ਦਿਨ ਵਿੱਚ ਵਕਤ ਕੱਢਕੇ ਬਜ਼ੁਰਗਾਂ ਨੂੰ ਜ਼ਰੂਰ ਮਿਲੋ। ਉਹਨਾਂ ਦੀਆਂ ਦੁੱਖ ਤਕਲੀਫਾਂ ਪੁੱਛੋ। ਜੇਕਰ ਉਹ ਬਿਮਾਰ ਹਨ ਤਾਂ ਉਹਨਾਂ ਦਾ ਇਲਾਜ ਕਰਵਾਓ। ਕਿਉਂਕਿ ਬਜ਼ੁਰਗ ਘਰ ਦਾ ਜਿੰਦਰਾ ਹੁੰਦੇ ਹਨ। ਸਰਕਾਰ ਨੂੰ ਇਹੋ ਜਿਹੇ ਪਰਿਵਾਰਿਕ ਮੈਂਬਰਾਂ 'ਤੇ ਸਖ਼ਤ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ,ਜੋ ਬਜ਼ੁਰਗਾਂ ਨੂੰ ਬਿਰਧ ਆਸ਼ਰਮਾਂ ਵਿੱਚ ਭੇਜਦੇ ਹਨ। ਸ਼ੁਭ ਚਿੰਤਕ।

**ਨਰਿੰਦਰ ਭੱਪਰ ਝਬੇਲਵਾਲੀ।**
**ਪਿੰਡ ਅਤੇ ਡਾਕਖਾਨਾ ਝਬੇਲਵਾਲੀ।**




# ਸੰਤੁਲਨ ਬਣਾ ਕੇ ਚਲੋ.....!

ਜ਼ਿੰਦਗੀ ਦੀ ਜਦੋਜਹਿਦ,ਹੱਕ ਸੱਚ ਦੀ ਕਮਾਈ ਸਿਖਾਵੇ।ਪ੍ਰਮਾਤਮਾ ਦਾ ਹੁਕਮ ਸਿਰ-ਮੱਥੇ, ਹਰ ਕਾਰਜ ਸੰਵਰਦਾ ਜਾਵੇ। ਬਣ ਜਾਓ,ਉਨ੍ਹਾਂ ਰਾਹਾਂ ਦੇ ਪਾਂਧੀ, ਜਿਧਰ ਉਹ ਲਿਜਾਵੇ। ਜਿਨ੍ਹਾਂ ਰਾਹਾਂ ਤੇ ਕੰਡੇ ਵਿਛੇ,ਸਿਦਕੀ ਬੰਦਾ ਉਨ੍ਹਾਂ ਨੂੰ ਵੀ ਗਾਹੇ।ਸਮਤੋਲ ਜ਼ਿੰਦਗੀ ਵਿੱਚ, ਬੰਦਾ ਇਧਰ-ਉਧਰ ਨ੍ਹੀਂ ਭਟਕਦਾ। ਹਰ ਕੰਮ, ਸਬਰ ਨਾਲ ਕਰਦਾ, ਪ੍ਰਭੂ ਦੇ ਗੁਣ ਗਾਵੇ। ਕੁਦਰਤ ਦੇ ਨਾਲ ਇੱਕ- ਮਿਕ ਹੋ ਕੇ ਲੋਕ ਭਲਾਈ ਨਾਲ ਜੁੜ ਜਾਵੇ। ਉਸ ਦੇ ਹੁਕਮ ਬਿਨ, ਪੱਤਾ ਵੀ ਨਾ ਹਿਲੇ, ਫਿਰ ਅਣਇੱਛਤ, ਫਲ ਦੀ ਇੱਛਾ, ਕਿਉਂ ਤੜਫਾਵੇ।

ਭੁੱਖ ਮਿਟਾਓ ਭੁੱਖਿਆਂ ਦੀ,ਮਨ ਨੂੰ ਸ਼ਾਂਤੀ ਆਵੇ। ਦੁੱਖ ਵੰਡਾਉ ਦੁਖੀਆਂ ਨਾਲ, ਪ੍ਰਭੂ ਦਾ ਦਰਸ਼ਨ ਹੋ ਜਾਵੇ। ਸਮਤੋਲ ਬਣਾ ਕੇ ਚੱਲੋ, ਆਪਣੇ ਚੌਗਿਰਦੇ ਵਿੱਚ, ਹਰ ਕੋਈ, ਦਰਸ਼ਨ ਕਰਨ ਲਈ, ਖਿੱਚਿਆ ਤੁਹਾਡੇ ਵੱਲ ਆਵੇ।ਪਹਿਲਗਾਮ ਵਰਗੀਆਂ ਘਟਨਾਵਾਂ,ਇਤਿਹਾਸ ਵਿੱਚ ਹੁੰਦੀਆਂ ਰਹਿੰਦੀਆਂ। ਘਬਰਾਓ ਨਹੀਂ, ਸੰਤੁਲਨ ਬਣਾ ਕੇ, ਸਾਹਮਣਾ ਕਰੋ, ਸਮੇਂ ਨਾਲ ਟਲਦੀਆਂ ਰਹਿੰਦੀਆਂ। ਸਮਝਦਾਰ ਸਿਆਸਤਦਾਨ, ਮਸਲਾ ਸੁਲਝਾ ਲੈਂਦੇ, ਵਿਰੋਧੀ ਨੂੰ ਡਰਾ ਕੇ। ਗਲਤੀ ਕਰਨ ਵਾਲਾ, ਸੰਤੁਲਨ ਖੋ ਬਹਿੰਦਾ, ਸਹੀ ਚੱਲਣ ਵਾਲਾ, ਸਿਆਸਤਦਾਨ ਦਮ ਲੈਂਦਾ, ਉਸਨੂੰ ਹਰਾ ਕੇ। ਮਰਦ-ਔਰਤ ਇੱਕ ਦੂਸਰੇ ਨੂੰ ਸਮਝ ਕੇ, ਸੰਤੁਲਨ ਬਣਾਉਣਾ ਸਿੱਖ ਲੈਣ। ਉਨ੍ਹਾਂ ਵਰਗਾ,ਕੋਈ ਹੋ ਨ੍ਹੀਂ ਸਕਦਾ,

ਪ੍ਰੀਵਾਰ ਨੂੰ ਤਰੱਕੀ ਦੀ ਦਿਖ ਦੇਣ। ਅਜਿਹੇ ਸਾਰੇ ਪਰਿਵਾਰ ਰਲ ਕੇ, ਸਮਾਜ ਅਗਾਹਾਂਵਧੂ ਬਣਦਾ। ਭਿੰਨਤਾ ਵਾਲੇ ਜਾਤੀ-ਗਰੁੱਪਾਂ,ਧਰਮਾਂ ਤੇ ਦੇਸ਼ਾਂ ਵਿੱਚ, ਭੇਦ ਭਾਵ ਮਿਟਾ ਕੇ, ਸਾਂਝਾਂ ਦਾ ਧੁਰਾ ਚਲਦਾ।





**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂ ਜ਼ਿਲਾ ਪਟਿਆਲਾ ਹਾਲ ਆਬਾਦ # 639/40 ਏ ਚੰਡੀਗੜ੍ਹ। ਫੋਨ ਨੰਬਰ : 9878469639**

# ਗੁਰਮਤਿ ਦੇ ਮਹਾਨ ਵਿਦਵਾਨ- ਪ੍ਰਿੰ: ਭਗਤ ਸਿੰਘ 'ਹੀਰਾ'

**17 ਮਈ ਨੂੰ ਜਨਮ-ਦਿਨ 'ਤੇ ਵਿਸ਼ੇਸ਼**

ਪ੍ਰਿੰ: ਭਗਤ ਸਿੰਘ 'ਹੀਰਾ' ਗੁਰਮਤਿ ਦੇ ਉੱਚ ਕੋਟੀ ਦੇ ਗਿਣੇ ਜਾਣ ਵਾਲੇ ਵਿਦਵਾਨਾਂ 'ਚੋਂ ਇੱਕ ਸਨ। ਉਹਨਾਂ ਦੇ ਜੀਵਨ ਦਾ ਵਿਸ਼ੇਸ਼ ਹਿੱਸਾ ਸਿੱਖ ਧਰਮ ਸਾਹਿਤ 'ਤੇ ਇਤਿਹਾਸ ਦੇ ਮੁਤਾਲੇ ਖੋਜ-ਭਾਲ ਅਤੇ ਵਿਆਖਿਆ-ਵਿਖਿਆਨ ਲਈ ਅਰਪਣ ਰਿਹਾ। ਸਿੱਖ ਧਰਮ ਸਾਹਿਤ ਤੇ ਇਤਿਹਾਸ ਲਈ ਕੀਤੀ ਸੇਵਾ ਦੀ ਪ੍ਰੇਰਨਾ ਮਾਨੋਂ ਵਿਰਸੇ ਵਿੱਚੋਂ ਮਿਲੀ ਹੋਈ ਸੀ। ਉਹ ਸਾਡੇ ਕੁਝ ਅਜਿਹੇ ਗਿਣਵੇਂ ਵਿਦਵਾਨਾਂ ਵਿੱਚੋਂ ਇੱਕ ਸਨ ਜੋ ਤਕਰੀਰ ਤੇ ਤਹਿਰੀਰ ਦੋਹਾਂ ਦੇ ਧਨੀ ਸਨ। ਜਿਨ੍ਹਾਂ ਨੇ ਕੇਵਲ ਭਾਰਤ ਵਿੱਚ ਹੀ ਨਹੀਂ ਸਗੋਂ ਦੱਖਣ ਪੂਰਬ ਏਸ਼ੀਆ ਵਿੱਚ ਥਾਂ-ਥਾਂ ਜਾ ਕੇ ਸਿੱਖ ਧਰਮ ਦਾ ਪ੍ਰਚਾਰ ਕੀਤਾ। ਉਹਨਾਂ ਦਾ ਜਨਮ 17 ਮਈ 1907 ਈ: ਵਿੱਚ ਪਿਤਾ ਸ੍ਰ: ਸ਼ਰਧਾ ਸਿੰਘ ਦੇ ਘਰ ਗੁਜ਼ਰਖਾਨ ਜ਼ਿਲ੍ਹਾ ਰਾਵਲਪਿੰਡੀ (ਪਾਕਿਸਤਾਨ) ਵਿੱਚ ਉਦੋਂ ਹੋਇਆ, ਜਦੋਂ ਸਿੱਖ ਸੰਸਾਰ ਵਿੱਚ ਨਵ-ਜਾਗ੍ਰਤੀ ਦੀ ਲਹਿਰ ਦਿਨੋਂ-ਦਿਨ ਖੂਬ ਮੱਘ ਰਹੀ ਸੀ। ਆਪ ਨੇ ਮੁਢਲੀ ਵਿੱਦਿਆ ਗੁਰੂ ਨਾਨਕ ਖ਼ਾਲਸਾ ਹਾਈ ਸਕੂਲ ਗੁਜ਼ਰਖਾਨ ਤੋਂ ਅਤੇ ਉਚੇਰੀ ਵਿੱਦਿਆ ਗਾਰਡਨ ਮਿਸ਼ਨ ਕਾਲਜ ਰਾਵਲਪਿੰਡੀ ਤੋਂ ਪ੍ਰਾਪਤ ਕੀਤੀ। 1930 ਤੋਂ 1933 ਈ: ਤੱਕ ਡੀ.ਸੀ ਦਫ਼ਤਰ ਰਾਵਲਪਿੰਡੀ ਕਲਰਕ ਦੀ ਪੋਸਟ ਤੇ ਨੌਕਰੀ ਕੀਤੀ। 1934 ਤੋਂ 1935 ਈ: ਤੱਕ ਮੈਨੇਜਰ ਰਾਇਲ ਆਰਮੀ ਟੈਮਪੋਰੈਂਸ ਐਸੋਸੀਏਸ਼ਨ 'ਚ ਸਿਕੰਦਰਾਬਾਦ, 1936 ਤੋਂ 1941 ਈ: ਤੱਕ ਰਾਜਾ ਬਜ਼ਾਰ ਰਾਵਲਪਿੰਡੀ ਵਿੱਚ ਫੋਟੋਗ੍ਰਾਫਰ ਦੀ ਦੁਕਾਨ ਕੀਤੀ। 1941 ਤੋਂ 1951 ਈ: ਤੱਕ ਆਰ.ਏ.ਐਸ.ਸੀ. ਵਿੱਚ ਕੰਮਬਟੈਂਟ ਕਲਰਕ ਦੀ ਸੇਵਾ ਕੀਤੀ ਅਤੇ 10 ਜੂਨ 1951 ਈ: ਨੂੰ ਅਸਤੀਫਾ ਦੇ ਕੇ ਨੌਕਰੀ ਤੋਂ ਮੁਕਤ ਹੋ ਗਏ। 1952 ਤੋਂ 1955 ਈ: ਤੱਕ ਤਿਲਕ ਨਗਰ ਨਵੀਂ ਦਿੱਲੀ ਵਿੱਚ ਨਿੱਜੀ ਤੌਰ 'ਤੇ ਹਰਿੰਦਰਾ ਕਾਲਜ ਖੋਲ੍ਹਿਆ ਜਿਸ ਵਿੱਚ ਐੱਮ.ਏ. ਅੰਗਰੇਜ਼ੀ ਤੇ ਬੀ.ਏ. ਦੀਆਂ ਕਲਾਸਾਂ ਚੱਲਦੀਆਂ ਰਹੀਆਂ। 'ਹੀਰਾ' ਜੀ ਨੇ ਪ੍ਰਿੰਸੀਪਲ ਵਜੋਂ ਕੰਮ ਕੀਤਾ। ਕਾਲਜ ਸਫਲਤਾ ਪੂਰਵਕ ਚੱਲ ਰਿਹਾ ਸੀ, ਪਰ 1955 ਵਿੱਚ ਪੰਜਾਬ ਯੂਨੀਵਰਸਿਟੀ ਦੀ ਜਿਊਰੀਡਿਕਸ਼ਨ ਦਿੱਲੀ ਵਿੱਚ ਖ਼ਤਮ ਹੋਣ ਕਰਕੇ ਕਾਲਜ ਬੰਦ ਕਰਨਾ ਪਿਆ। 1956 ਤੋਂ 1965 ਈ: ਤੱਕ ਪ੍ਰਿੰਸੀਪਲ ਭਗਤ ਸਿੰਘ ਜੀ ਬਿਹਾਰ ਤੇ ਯੂ.ਪੀ. ਵਿੱਚ ਪ੍ਰਚਾਰ ਦੌਰੇ 'ਤੇ ਚੱਲ ਪਏ। ਕੁਝ ਸਮਾਂ ਗੁਰਮਤਿ ਦਾ ਪ੍ਰਚਾਰ ਕੀਤਾ ਫਿਰ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਅਧੀਨ ਹੈੱਡ ਪ੍ਰਚਾਰਕ ਦੀ ਪਦਵੀ 'ਤੇ ਮੁਲਾਜ਼ਮ ਲੱਗ ਗਏ। ਹੀਰਾ ਜੀ ਨੇ ਬਿਹਾਰ ਸਿੱਖ ਪ੍ਰਤੀਨਿਧ ਬੋਰਡ ਦੀ ਬਣਤਰ ਬਣਾਈ ਤੇ ਉਸ ਦੀ ਪ੍ਰਵਾਨਗੀ ਉਪਰੰਤ ਉਸ ਅਨੁਸਾਰ ਸੰਗਠਿਤ ਕੀਤਾ। ਬਿਹਾਰ ਦੀਆਂ ਸਾਰੀਆਂ ਸਿੰਘ ਸਭਾਵਾਂ ਨੂੰ ਬੋਰਡ ਨਾਲ ਜੋੜਿਆ। 1957 ਵਿੱਚ ਹੀਰਾ ਜੀ ਨੇ ਗੁਰੂ ਗੋਬਿੰਦ ਸਿੰਘ ਪਟਨਾ ਕਾਲਜ ਖੋਲ੍ਹਣ ਤੇ ਸਥਾਪਿਤ ਕਰਨ ਵਿੱਚ ਵਿਸ਼ੇਸ਼ ਦਿਲਚਸਪੀ ਲਈ। ਕੁਝ ਸਮਾਂ ਹੀਰਾ ਜੀ ਨੂੰ ਇਸ ਕਾਲਜ ਦੇ ਪ੍ਰਿੰਸੀਪਲ ਹੋਣ ਦਾ ਮੌਕਾ ਵੀ ਮਿਲਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਜਨਮ ਸ਼ਤਾਬਦੀ ਪਟਨਾ ਸਾਹਿਬ ਵਿਖੇ ਮਨਾਉਣ ਲਈ ਕਮੇਟੀ ਨੇ ਆਪਣਾ ਮੁੱਖ ਪ੍ਰਚਾਰਕ ਬਣਾ ਕੇ ਦੇਸ਼-ਪ੍ਰਦੇਸ਼ ਵਿੱਚ ਭੇਜਿਆ। ਪੂਰਾ ਇੱਕ ਸਾਲ ਦੇਸ਼-ਪ੍ਰਦੇਸ਼ ਦਾ ਦੌਰਾ ਕਰਦੇ ਰਹੇ। 1966 ਤੋਂ 1968 ਤੱਕ ਦਫ਼ਤਰ ਦਾ ਸਮੁੱਚਾ ਪ੍ਰਬੰਧ ਸੰਭਾਲਣ ਲਈ ਸੁਪਰਡੈਂਟ ਦੀ ਡਿਊਟੀ ਦਿੱਤੀ ਗਈ। 1968 ਤੋਂ 1972 ਤੱਕ ਗੁਰਦੁਆਰਾ



ਸ੍ਰੀ ਗੁਰੂ ਸਿੰਘ ਸਭਾ ਮੁੰਬਈ ਦੇ ਪ੍ਰਬੰਧਕਾਂ ਨੇ ਗੁਰੂ ਨਾਨਕ ਦੇਵ ਜੀ ਦੇ 500ਵੇਂ ਪ੍ਰਕਾਸ਼ ਉਤਸਵ ਨੂੰ ਉੱਚ ਪੱਧਰ ਤੇ ਮਨਾਉਣ ਲਈ ਆਪ ਨੂੰ ਸੁਪਰਡੈਂਟ ਦੀ ਸੇਵਾ ਸੌਂਪ ਦਿੱਤੀ। ਗੁਰਪੁਰਬ ਸਮਾਗਮ ਸਫਲਤਾਪੂਰਵਕ ਨਾਲ ਮਨਾਉਣ ਦੇ ਮਗਰੋਂ 1971 ਦੇ ਅਖ਼ੀਰ ਵਿੱਚ 'ਹੀਰਾ' ਜੀ ਨੇ ਵਿਦਾਇਗੀ ਲੈ ਲਈ। 1972 ਤੋਂ 1974 ਦੌਰਾਨ ਆਪ ਦਾ ਮੇਲ ਪ੍ਰਸਿੱਧ ਵਿਦਵਾਨ ਗਿਆਨੀ ਸੰਤ ਸਿੰਘ ਜੀ ਮਸਕੀਨ ਨਾਲ ਹੋਇਆ, ਉਹਨਾਂ ਨੇ ਪ੍ਰੇਰਿਆ ਕਿ ਉਹ ਨੌਕਰੀ ਤਿਆਗ ਕੇ ਖੁੱਲ੍ਹੇ ਪ੍ਰਚਾਰ ਅਖਾੜੇ ਵਿੱਚ ਆਉਣ ਤੇ ਪੰਥ ਦੀ ਕੋਈ ਨਿੱਗਰ ਸੇਵਾ ਕਰਨ। 1974 ਤੋਂ ਹੀਰਾ ਜੀ ਅਜਿਹੀਆਂ ਨਿਯੁਕਤੀਆਂ ਤੋਂ ਸੁਤੰਤਰ ਹੋ ਕੇ ਸਿੱਖ ਧਰਮ ਦੇ ਪ੍ਰਚਾਰ, ਪ੍ਰਸਾਰ ਅਤੇ ਗੁਰਮਤਿ ਦੀ ਲਿਖਤੀ ਤੇ ਤਕਰੀਰੀ ਸੇਵਾ ਲਈ ਜੁਟੇ ਹੋਏ ਸਨ।

ਇੱਥੇ ਇਹ ਦੱਸ ਦਿਆਂ ਕਿ 'ਹੀਰਾ' ਉਹਨਾਂ ਦੀ ਜਾਤ ਨਹੀਂ ਉਪਨਾਮ ਸੀ, ਜੋ ਸੰਗਤ ਵੱਲੋਂ ਬਖ਼ਸ਼ਿਆ ਗਿਆ ਸੀ। ਸੰਨ 1927 ਈ: ਵਿੱਚ ਆਲ ਇੰਡੀਆ ਸਿੱਖ ਐਜੂਕੇਸ਼ਨਲ ਕਾਨਫਰੰਸ ਰਾਵਲਪਿੰਡੀ 'ਚ ਹੋਈ। ਇਸ ਵਿੱਚ ਕਵੀ ਦਰਬਾਰ ਸਮੇਂ ਉਹਨਾਂ ਨੂੰ ਪਹਿਲਾ ਇਨਾਮ ਦਿੱਤਾ ਤੇ ਨਾਲ ਹੀ ਪ੍ਰੋ: ਪੂਰਨ ਸਿੰਘ ਨੇ ਆਖਿਆ ਕਿ ਉਹ ਆਪਣਾ ਤਖ਼ੱਲਸ 'ਹੀਰਾ' ਰੱਖਣ। ਸੰਗਤਾਂ ਨੇ ਜੈਕਾਰਿਆਂ ਨਾਲ ਇਸ ਤਜਵੀਜ਼ ਦਾ ਸੁਆਗਤ ਕੀਤਾ। ਭਾਈ ਸਾਹਿਬ ਭਾਈ ਵੀਰ ਸਿੰਘ ਨੇ ਇਸ ਦੀ ਹਾਮੀ ਭਰੀ, ਉਸ ਸਮੇਂ ਤੋਂ ਹੀ ਉਹ ਆਪਣੇ ਨਾਮ ਨਾਲ 'ਹੀਰਾ' ਲਿਖਦੇ ਆ ਰਹੇ ਸਨ।

ਪ੍ਰਿੰ: ਭਗਤ ਸਿੰਘ 'ਹੀਰਾ' ਗੋਨਿਆਣਾ ਮੰਡੀ (ਬਠਿੰਡਾ) ਤੋਂ ਛਪਦੇ ਰਹੇ 'ਭਾਈ ਕਨ੍ਹੱਈਆ ਸੇਵਾ ਜੋਤੀ' ਮੈਗਜ਼ੀਨ ਦੇ 15 ਸਾਲ ਮੁੱਖ ਸਲਾਹਕਾਰ ਰਹੇ। 1985 ਵਿੱਚ 18, 19, 20 ਅਪ੍ਰੈਲ ਨੂੰ 55ਵੀਂ ਸਰਬ-ਹਿੰਦ ਸਿੱਖ ਐਜੂਕੇਸ਼ਨਲ ਕਾਨਫਰੰਸ ਗੋਨਿਆਣਾ ਮੰਡੀ (ਬਠਿੰਡਾ) ਵਿਖੇ ਹੋਈ। ਉਸ ਵਿੱਚ 'ਹੀਰਾ' ਜੀ ਭਾਈ ਕਨ੍ਹੱਈਆ ਸੈਮੀਨਾਰ ਕਮੇਟੀ ਦੇ ਕਨਵੀਨਰ ਤੇ ਦਫ਼ਤਰ ਸੁਆਗਤੀ ਕਮੇਟੀ ਦੇ ਆਨਰੇਰੀ ਆਫਿਸ ਸੈਕਟਰੀ ਸਨ। 1988 ਵਿੱਚ 19, 20 ਨਵੰਬਰ ਨੂੰ 56ਵੀਂ ਸਰਬ-ਹਿੰਦ ਸਿੱਖ ਐਜੂਕੇਸ਼ਨਲ ਕਾਨਫਰੰਸ ਮਲੋਟ ਹੁਣ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਈ। ਉਸ ਵਿੱਚ 'ਹੀਰਾ' ਜੀ ਸੁਆਗਤੀ ਕਮੇਟੀ ਦੇ ਵਾਈਸ ਚੇਅਰਮੈਨ ਤੇ ਸੈਮੀਨਾਰ 'ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ' ਕਮੇਟੀ ਦੇ ਕਨਵੀਨਰ ਸਨ। ਉਹਨਾਂ ਦਾ ਕਾਨਫਰੰਸ ਮੌਕੇ 'ਭਾਈ ਕਨ੍ਹੱਈਆ ਸੇਵਾ 'ਜੋਤੀ' ਦੇ ਨਵੰਬਰ 1988 ਅੰਕ ਵਿੱਚ '56ਵੀਂ ਸਰਬ-ਹਿੰਦ ਸਿੱਖ ਐਜੂਕੇਸ਼ਨਲ ਕਾਨਫਰੰਸ ਦੇ ਨਗਰ ਮਲੋਟ ਸੰਬੰਧੀ ਕੁਝ ਜਾਣਕਾਰੀ' ਲੇਖ ਛਪਿਆ ਜੋ ਖੋਜ ਭਰਪੂਰ ਸੀ।

ਉਹਨਾਂ ਦੀਆਂ ਤਿੰਨ ਦਰਜਨ ਤੋਂ ਵੱਧ ਪੁਸਤਕਾਂ ਛਪ ਚੁੱਕੀਆਂ ਸਨ। ਇਹਨਾਂ ਵਿੱਚੋਂ ਛੇ ਪੁਸਤਕਾਂ ਅੰਗਰੇਜ਼ੀ ਵਿੱਚ ਹਨ। 'ਹੀਰਾ' ਜੀ ਦੀਆਂ ਗੁਰਮਤਿ ਵਿਚਾਰਧਾਰਾ, ਜੀਵਨ ਭਾਈ ਕਨ੍ਹੱਈਆ ਜੀ, ੧ੳ ਦਰਸ਼ਨ ਪੁਸਤਕਾਂ ਵਧੇਰੇ ਪ੍ਰਸਿੱਧ ਹਨ। ਉਹਨਾਂ ਦੇ ਅਨੇਕਾਂ ਲੇਖ ਅਖ਼ਬਾਰਾਂ, ਰਸਾਲਿਆਂ, ਮੈਗਜ਼ੀਨਾਂ (ਸੀਸ ਗੰਜ, ਗੁਰਮਤਿ ਪ੍ਰਕਾਸ਼, ਗੁਰਦੁਆਰਾ ਗਜ਼ਟ, ਗੁਰ ਸੰਦੇਸ਼, ਭਾਈ ਕਨ੍ਹੱਈਆ ਸੇਵਾ ਜੋਤੀ, ਸਿੱਖ ਸੋਚ, ਸੱਚਖੰਡ ਪੱਤ੍ਰਿਕਾ) ਵਿੱਚ ਛਪ ਚੁੱਕੇ ਹਨ। ਪ੍ਰਿੰ: 'ਹੀਰਾ' ਜੀ ਨੇ ਸੇਵਾਪੰਥੀ ਸੰਪਰਦਾਇ ਬਾਰੇ ਕਾਫ਼ੀ ਪੁਸਤਕਾਂ ਲਿਖੀਆਂ। ਸੱਚ ਖੰਡ ਵਾਸੀ ਸ੍ਰੀਮਾਨ ਮਹੰਤ ਤੀਰਥ ਸਿੰਘ ਜੀ 'ਸੇਵਾਪੰਥੀ' ਉਹਨਾਂ ਨੂੰ ਬਹੁਤ ਮਾਣ ਸਤਿਕਾਰ ਦਿੰਦੇ ਸਨ। ਹੀਰਾ ਜੀ ਹਰ ਸਾਲ ਬ੍ਰਹਮ-ਗਿਆਨੀ ਭਾਈ ਜਗਤਾ ਰਾਮ ਜੀ ਦੇ ਸਾਲ-ਾਨਾ ਯੱਗ-ਸਮਾਗਮ (2 ਮਾਘ) ਅਤੇ ਸ੍ਰੀਮਾਨ ਮਹੰਤ ਗੁਲਾਬ ਸਿੰਘ ਜੀ ਦੀ ਸਾਲ-ਾਨਾ ਬਰਸੀ (8 ਵੈਸਾਖ) ਤੇ ਗੋਨਿਆਣਾ ਭਾਈ ਜਗਤਾ (ਬਠਿੰਡਾ) ਵਿਖੇ ਗੁਰਮਤਿ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਸਨ। ਉਹ ਅਨੇਕਾਂ ਸੰਸਥਾਵਾਂ, ਸਭਾ ਸੁਸਾਇਟੀਆਂ ਦੇ ਮੈਂਬਰ, ਕਈ ਮੈਗਜ਼ੀਨਾਂ ਦੇ ਐਡੀਟਰ ਅਤੇ ਸਲਾਹਕਾਰ ਬੋਰਡ ਦੇ ਮੈਂਬਰ ਵੀ ਰਹੇ।

ਪ੍ਰਿੰ: ਭਗਤ ਸਿੰਘ 'ਹੀਰਾ' ਨੇ ਕਰੜੀ ਸਾਧਨਾ ਕਰਕੇ ਵਿਦਵਤਾ ਭਰੇ ਬਹੁਪੱਖੀ ਗਿਆਨ ਦੇ ਬਲਬੂਤੇ ਧਰਮ ਚਿੰਤਨ ਦੇ ਖੇਤਰ ਵਿੱਚ ਆਪਣੀ ਨਿਵੇਕਲੀ ਪਛਾਣ ਕਾਇਮ ਕਰਕੇ ਸਲਾਹੁਣਯੋਗ ਪ੍ਰਾਪਤੀਆਂ ਕਾਇਮ ਕੀਤੀਆਂ ਸਨ। ਉਹਨਾਂ ਨੂੰ ਧਰਮ ਤੇ ਸਿੱਖ ਇਤਿਹਾਸ ਦੇ ਉੱਚਤਮ ਲਿਖਾਰੀ ਵਜੋਂ 1963 ਵਿੱਚ ਬਿਹਾਰ ਸਿੱਖ ਪ੍ਰਤੀਨਿਧ ਬੋਰਡ ਜਮਸ਼ੇਦਪੁਰ ਵੱਲੋਂ, 1965 'ਚ ਮੋਟਰ ਮਰਚੈਂਟਸ ਐਸੋਸੀਏਸ਼ਨ ਮੁੰਬਈ ਵੱਲੋਂ, 1976 ਵਿੱਚ ਪੰਜਾਬੀ ਵਿੱਦਿਅਕ ਬੋਰਡ ਮਲਾਇਆ ਵੱਲੋਂ, 1988 ਵਿੱਚ ਸੰਤ ਨਿਧਾਨ ਸਿੰਘ ਮੈਮੋਰੀਅਲ ਐਵਾਰਡ ਕਮੇਟੀ ਬੈਂਕਾਕ ਵੱਲੋਂ 500 ਡਾਲਰ, 16 ਸਤੰਬਰ 1993 ਈ: ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਵਸ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ 11000/- (ਗਿਆਰਾਂ ਹਜ਼ਾਰ) ਰੁਪਏ ਨਕਦ ਤੇ ਸਿਮ੍ਰਤੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਮਹੰਤ ਤੀਰਥ ਸਿੰਘ ਜੀ 'ਸੇਵਾਪੰਥੀ' ਵੱਲੋਂ ਵੀ ਕਈ ਵਾਰ ਸਨਮਾਨਿਤ ਕੀਤਾ ਗਿਆ। ਹੋਰ ਵੀ ਕਈ ਸਿੰਘ ਸਭਾਵਾਂ, ਸਭਾ ਸੁਸਾਇਟੀਆਂ ਤੇ ਜਥੇਬੰਦੀਆਂ ਨੇ ਆਪ ਜੀ ਨੂੰ ਸਨਮਾਨਿਤ ਕੀਤਾ।

ਗੁਰਮਤਿ ਦੇ ਮਹਾਨ ਵਿਆਖਿਆਕਾਰ, ਉੱਘੇ ਲੇਖਕ, ਅਨੇਕਾਂ ਪੁਸਤਕਾਂ ਦੇ ਰਚਨਹਾਰ ਪ੍ਰਿੰ: ਭਗਤ ਸਿੰਘ 'ਹੀਰਾ' 92 ਸਾਲ ਦੀ ਉਮਰ ਭੋਗ ਕੇ 6 ਦਸੰਬਰ 1999 ਈ: ਨੂੰ ਮਾਤਾ ਚੰਨਣ ਦੇਵੀ ਹਸਪਤਾਲ ਦਿੱਲੀ ਵਿਖੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

**ਕਰਨੈਲ ਸਿੰਘ**
**ਐੱਮ.ਏ.ਲੁਧਿਆਣਾ**
**#1138/63-ਏ, ਗੁਰੂ ਤੇਗ਼ ਬਹਾਦਰ ਨਗਰ, ਗਲੀ ਨੰ:1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ।**

# ਸਾਹਿਤ ਸਮਾਜ

## ਭਾਰਤ ਦੇ ਪਹਿਲੇ ਬੋਧੀ ਚੀਫ਼ ਜਸਟਿਸ ਸ੍ਰੀ ਬੀ.ਆਰ.ਗਵੱਈ ਬਣੇ

14 ਮਈ 2025 ਨੂੰ ਜਸਟਿਸ ਬੀ.ਆਰ. ਗਵਈ ਜੀ ਨੇ ਭਾਰਤ ਦੇ 52ਵੇਂ ਚੀਫ਼ ਜਸਟਿਸ ਵਜੋਂ ਅਹੁਦਾ ਸੰਭਾਲਿਆ। ਉਹ ਇਸ ਅਹੁਦੇ 'ਤੇ ਬੈਠਣ ਵਾਲੇ ਪਹਿਲੇ ਬੋਧੀ ਹਨ। 11 ਮਈ ਨੂੰ ਮੀਡੀਆ ਨਾਲ ਗੱਲਬਾਤ ਦੌਰਾਨ, ਉਨ੍ਹਾਂ ਨੇ ਬੁੱਧ ਪੂਰਨਿਮਾ ਦੇ ਦੋ ਦਿਨਾਂ ਦੇ ਅੰਦਰ ਸਹੁੰ ਚੁੱਕਣ ਦਾ ਜ਼ਿਕਰ ਕੀਤਾ। ਜਸਟਿਸ ਗਵਈ ਇੱਕ ਮਜ਼ਬੂਤ ਅੰਬੇਡਕਰਵਾਦੀ ਹਨ । ਉਨ੍ਹਾਂ ਦੇ ਪਿਤਾ ਆਰ.ਐਸ. ਗਵਈ ,ਜੋ ਇੱਕ ਸਿਆਸਤਦਾਨ ਹਨ । ਉਨਾਂ ਨੇ 14 ਅਕਤੂਬਰ 1956 ਨੂੰ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਦੇ ਨਾਲ ਬੁੱਧ ਧਰਮ ਅਪਣਾਇਆ ਸੀ। ਜਸਟਿਸ ਗਵਈ ਅਕਸਰ ਇਸ ਸਬੰਧੀ ਦੱਸਦੇ ਹਨ ਕਿ ਕਿਵੇਂ ਉਨ੍ਹਾਂ ਦੇ ਪੇਸ਼ੇ ਦੀ ਚੋਣ ਡਾਕਟਰ ਅੰਬੇਡਕਰ ਅਤੇ ਕਾਨੂੰਨ ਦੇ ਅਧਿਐਨ ਦੁਆਰਾ ਦਲਿਤਾਂ ਦੀ ਉੱਨਤੀ ਦੇ ਲਈ ਉਨ੍ਹਾਂ ਦੇ ਪਿਤਾ ਦੇ ਸੁਪਨੇ ਤੋਂ ਪ੍ਰੇਰਿਤ ਸੀ।

ਉਨਾਂ ਨੇ1985 ਵਿੱਚ ਵਕੀਲ ਵਜੋਂ ਭਰਤੀ ਹੋਣ ਤੋਂ ਬਾਅਦ ਬੰਬੇ ਹਾਈ ਕੋਰਟ ਦੇ ਨਾਗਪੁਰ ਬੈਂਚ ਵਿੱਚ ਵਕਾਲਤ ਕੀਤੀ। ਉਹ ਮਹਾਰਾਸ਼ਟਰ ਸਰਕਾਰ ਲਈ ਵਕੀਲ ਵਜੋਂ ਸੇਵਾ ਨਿਭਾਉਂਦੇ ਰਹੇ। ਹਾਲਾਂਕਿ 2001 ਤੋਂ ਲਗਾਤਾਰ ਕਾਲਜੀਅਮਾਂ ਨੇ ਉਨ੍ਹਾਂ ਨੂੰ ਹਾਈ ਕੋਰਟ ਵਿੱਚ ਤਰੱਕੀ ਲਈ ਸਿਫਾਰਸ਼ ਕੀਤੀ, ਪਰ ਬੰਬੇ ਹਾਈ ਕੋਰਟ ਦੇ ਐਡੀਸ਼ਨਲ ਜੱਜ ਵਜੋਂ ਉਨ੍ਹਾਂ ਦੀ ਨਿਯੁਕਤੀ 14 ਨਵੰਬਰ 2003 ਨੂੰ ਹੀ ਹੋਈ। ਉਹ 2005 ਵਿੱਚ ਸਥਾਈ ਜੱਜ ਬਣੇ ਅਤੇ 24 ਮਈ 2019 ਨੂੰ ਸੁਪਰੀਮ ਕੋਰਟ ਵਿੱਚ ਤਰੱਕੀ ਹੋਣ ਤੱਕ ਸੇਵਾ ਨਿਭਾਈ। ਸ੍ਰੀ ਗਵਈ ਜੀ ਲੱਗਭਗ ਛੇ ਮਹੀਨੇ ਆਪਣੇ ਅਹੁਦੇ 'ਤੇ ਰਹਿਣ ਤੋਂ ਬਾਅਦ 23 ਨਵੰਬਰ ਨੂੰ ਸੇਵਾਮੁਕਤ ਹੋਣਗੇ।



ਆਪਣੇ ਪੂਰਵਗਾਮੀ ਤੋਂ ਇੱਕ ਵੱਖਰਾ ਦ੍ਰਿਸ਼ਟੀਕੋਣ ਛਡੀ ਸੰਜੀਵ ਖੰਨਾ ਤੋਂ, CJI ਗਵਈ ਨੂੰ ਇੱਕ ਅਜਿਹੀ ਅਦਾਲਤ ਵਿਰਾਸਤ ਵਿੱਚ ਮਿਲੀ ਹੈ ,ਜੋ ਆਪਣੀ ਜਨਤਕ ਛਵੀ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੈ ਅਤੇ ਜਿਸਨੇ ਪਿਛਲੇ ਕੁਝ ਮਹੀਨਿਆਂ ਤੋਂ ਫੈਸਲਿਆਂ ਅਤੇ ਪ੍ਰਸ਼ਾਸਕੀ ਫੈਸਲਿਆਂ ਲਈ ਆਲੋਚਨਾ ਦਾ ਸਾਹਮਣਾ ਕੀਤਾ ਹੈ। ਇਹ ਉਮੀਦ ਕੀਤੀ ਜਾਂਦੀ ਹੈ ਕਿ ਜਨਤਕ ਵਿਸ਼ਵਾਸ ਨੂੰ ਬਹਾਲ ਕਰਨ ਲਈ ਉਸਦਾ ਦ੍ਰਿਸ਼ਟੀਕੋਣ CJI ਖੰਨਾ ਨਾਲੋਂ ਵੱਖਰਾ ਹੋਵ- `ਗਾ, ਜੋ ਪ੍ਰੈਸ ਨਾਲ ਸੀਮਤ ਗੱਲਬਾਤ ਕਰਨਾ ਪਸੰਦ ਕਰਦੇ ਸਨ।ਜਸਟਿਸ ਗਵਈ ਨੇ ਹਾਲ ਹੀ ਵਿੱਚ ਹੋਏ ਪਹਿਲਗਾਮ ਕਤਲੇਆਮ ਦੇ ਪੀੜਤਾਂ ਨਾਲ ਏਕਤਾ ਪ੍ਰਗਟ ਕਰਨ ਲਈ ਸੁਪਰੀਮ ਕੋਰਟ ਵਿੱਚ ਦੋ ਮਿੰਟ ਦਾ ਮੌਨ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਨੇ ਛਡੀ ਖੰਨਾ ਦੀ ਗੈਰਹਾਜ਼ਰੀ ਵਿੱਚ ਪਹਿਲ ਕੀਤੀ, ਜੋ ਉਸ ਸਮੇਂ ਵਿਦੇਸ਼ ਵਿੱਚ ਸਨ। "ਜਦੋਂ ਦੇਸ਼ ਖ਼ਤਰੇ ਵਿੱਚ ਹੋਵੇ ਤਾਂ SC ਦੂਰ ਨਹੀਂ ਰਹਿ ਸਕਦਾ," ਉਸਨੇ ਆਪਣੇ ਦਖਲ ਨੂੰ ਜਾਇਜ਼ ਠਹਿਰਾਉਣ ਲਈ ਟਿੱਪਣੀ ਕੀਤੀ। ਯਾਦ ਰਹੇ ਕਿ ਚੀਫ ਜਸਟਿਸ ਸ੍ਰੀ ਬੀ.ਆਰ.ਗਵਈ ਜੀ ਨੇ ਬਾਬਾ ਸਾਹਿਬ ਡਾਕਟਰ ਬੀ. ਆਰ. ਅੰਬੇਡਕਰ ਜੀ ਦੀ ਪ੍ਰਤਿਮਾ 'ਤੇ ਫੁੱਲ ਅਰਪਿਤ ਕੀਤੇ, ਬਾਬਾ ਸਾਹਿਬ ਜੀ ਨੂੰ ਯਾਦ ਕੀਤਾ। ਇਹ ਸਭ ਉੱਚ ਅਹੁਦੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਯੋਗਦਾਨ ਸਦਕਾ ਨਸੀਬ ਹੋਏ ਹਨ । ਸ੍ਰੀ ਗਵਈ ਜੀ ਨੂੰ ਚੀਫ ਜਸਟਿਸ ਦਾ ਅਹੁਦਾ ਸੰਭਾਲਣ 'ਤੇ ਵਧਾਈ ਦਿੰਦੇ ਹਾਂ।

**–ਪ੍ਰਿੰਸੀਪਲ ਪਰਮਜੀਤ ਜੱਸਲ**

## ਕਹਾਣੀ/ ਅਣਪੁਣੇ ਚਾਅ

"ਅੰਬੋ ਨੀ ਅੰਬੋ , ਮੇਰੀ ਬੇਬੇ ਨੇ ਘੱਲਿਆ ਮੈਨੂੰ ,ਐਵੇਂ ਨਾ ਆਨੇ ਕੱਢ ,ਆਹ ਵੇਖਲਾ ਟਿੱਕਾ ਵੀ ਲਾਇਆ ਮੈਂ ,ਤੇ ਰਾਣੋ ਭੈਣ ਦਾ ਸੂਟ ਮਸਾਂ ਮਸਾਂ ਮੇਰੇ ਮੇਚੇ ਦਾ ਕੀਤਾ ਘੰਦੂਈ ਸੂਈ ਨਾਲ,ਬੇਬੇ ਦੇ ਉਂਗਲ ਚ ਵੀ ਵੱਜੀ ਸੀ ਸੂਈ,ਹੁਣ ਅੰਬੋ ਐਵੇਂ ਨਾ ਕੋਈ ਪੱਜ ਲਾਈ ਬੀ ਤੇਰੇ ਸੋਹਣੇ ਲੀੜੇ ਹੈਨੀ ਮੈਂ ਨਾਲ ਨੀ ਲੈ ਕੇ ਜਾਂਦੀ," ਇੱਕ ਪਹੁਚਾ ਹੱਥ ਚ ਫੜੀ ਗੋਲੋਂ ਇੱਕੋ ਸਾਹ ਅੰਬੋ ਨੂੰ ਏਨਾ ਕੁੱਝ ਕਹਿ ਉਸਦੀ ਬੁੱਕਲ ਚ ਵੜ ਹਾੜੇ ਕੱਢਨ ਲੱਗੀ । ਚਲ ਚੰਗਾ ਤੁਰ ਫੇਰ , ਹਾਏ ਕਿੰਨਾ ਕੁਝ ਖਾਣ ਨੂੰ,!!ਗੋਲੋਂ ਤਾਂ ਬਸ ਵੇਖੀ ਹੀ ਗਈ,ਆਥਣ ਵੇਲੇ ਵਿਆਹ ਵਾਲੇ ਘਰੋਂ ਨਿੱਕਸੁਕ ਲੈ ਦੋਵੇਂ ਘਰ ਮੁੜਨ ਲੱਗੀਆਂ ਕਿ ਭੋਲੀਂ ਗੋਲੋਂ ਦੀਆਂ ਨਿਗਾਹਾਂ ਇਕਦਮ ਘਰ ਦੇ ਬਾਹਰ ਬਾਹਰ ਡੰਗਰਾਂ ਦੀ ਖੁਰਲੀ ਦੇ ਆਸੇ ਪਾਸੇ ਖਿਲਰੀਆਂ ਬੇਹੀਆਂ ਰੋਟੀਆਂ ਤੇ ਪਈ , ਦੋ ਚਾਰ ਗਾਵਾਂ ਅਤੇ ਇੱਕ ਕੁੱਤਾ ਰੱਜ ਕੇ ਬਸ ਅੰਨ ਨੂੰ ਹੁਣ ਤਾਂ ਮਿੱਧ ਹੀ ਰਹੇ ਸੀ , ਕਮਲੀ ਗੋਲੋਂ ਨੇ ਇਕ ਲਿਫ਼ਾਫ਼ਾ ਚੱਕ ਕਾਹ਼ਲੀ ਕਾਹ਼ਲੀ ਰੋਟੀਆਂ ਦੇ ਟੋਟੇ ਚੁਗ ਕੇ ਉਸ ਚ ਪਾਉਣੇ ਸੁਰੂ ਕਰ ਦਿੱਤੇ , ਫ਼ੋਂਟ ਜੈ ਖਾਣਿਆਂ ਦੀ,ਕੁੱਢਰ ਕਿਤੋਂ ਦੀ,ਔਂਤਾ ਦੀ ਕਮ਼ਲੀ ,ਮੈਂ ਨਾ ਲਿਆਉ ਗਾਹਾਂ ਤੋ ਨਾਲ," ਏਧਰ ਮੁੜ ਨੀ , ਅੰਬੋ ਨੇ ਗੁੱਸੇ ਚ ਕਿਹਾ ਤਾਂ ਅੱਗੋ ਗੋਲੋਂ ਬੋਲੀ "ਅੰਬੋ ਸਾਡੇ ਚਾਹ ਪੌਣੀ ਹੈਨੀ , ਚੂਲ੍ਹੇ ਤੇ ਚਾਹ ਧਰੀ ਸੀ ਬੇਬੇ ਨੇ ਮੈ ਭੁੱਲ ਕੇ ਪੌਣੀ ਪਤੀਲੇ ਉਤੇ ਰੱਖਤੀ,ਉਸ ਚ ਮੋਰੀ ਹੋ ਗਈ,ਹੁਣ ਚਾਹ ਦੇ ਨਾਲ ਪੱਤੀ ਉਮੇ ਆ ਜਾਂਦੀ ਬਾਟੀਆਂ ਚ,ਚਾਹ ਭੋਰਾ ਸਵਾਦ ਨਹੀਂ ਲੱਗਦੀ,ਇਹ ਰੋਟੀਆ ਸੁੱਕਾ ਕੇ ਅਸੀ ਚਾਹ ਪੌਣੀ ਲਵਾਂਗੇ,ਛਾਣਬੁਰੇ ਵਾ਼ਲੇ ਭਾਈ ਕੋਲੋਂ , ਉਸ ਕੋ਼ਲ ਵੰਗਾ ਵੀ ਹੁੰਦੀਆਂ ਪਰ ਆਪਾਂ ਤਾਂ ਚਾਹ ਪੌਣੀ ਲਵਾਂਗੇ "ਗੋਲੋਂ ਦਾ ਚਿਹਰਾ ਖੁਸ਼ੀ ਚ ਇਵੇਂ ਚਮਕ ਰਿਹਾ ਸੀ ਜਿਵੇਂ ਉਸਨੇ ਕੋਈ ਜੰਗ ਜਿੱਤੀ ਹੋਵੇ।

"ਹਾਏ ਨੀ ਗ਼ਰੀਬੀਏ !" ਏਨਾ ਕਹਿ ਅੰਬੋ ਨੇ ਕਾਹ਼ਲੀ ਨਾ਼ਲ ਥੱਬਾ ਬੇਹੀਆਂ ਰੋਟੀਆਂ ਦਾ ਚੱਕ ਉਸਦੇ ਮੂੰਹ ਵੱਲ ਵੇਖ ਗਲੇਡੂ ਭਰੇ ਅਤੇ ਭਾਰੇ ਪੈਰੀਂ ਘਰ ਵੱਲ ਤੁਰ ਪਈ



**ਮਨਪ੍ਰੀਤ ਕੌਰ ਸੰਧੂ**
**ਮੁੰਬਈ**
**9769186791ਵ੍ਹਟਸਐਪ**

# ਜਦੋਂ ਮੈਂ ਵਿਦਵਾਨ ਬਣਿਆ !

ਡਾਕਟਰ ਤਲਵਾਰ ਦੀ ਕ੍ਰਿਪਾ ਦੇ ਨਾਲ ਮੈਂ ਵੀ ਪੀ-ਐਚ. ਡੀ. ਦੀ ਡਿੱਗਰੀ ਲੈ ਕੇ ਆਪਣੇ ਨਾਂ ਅੱਗੇ ਡਾਕਟਰ ਪਿਆਜ਼ ਦਾਸ ਲਿਖਣ ਲੱਗ ਪਿਆ ਸੀ। ਮੈਂ ਆਪਣੀ ਕੋਠੀ ਦੇ ਅੱਗੇ ਵੀ ਨੇਮ ਪਲੇਟ ਉਤੇ ਮੋਟੇ ਅੱਖਰਾਂ ਵਿੱਚ ਡਾ.ਪਿਆਜ਼ ਦਾਸ ਲਿਖਵਾ ਲਿਆ ਸੀ। ਹੁਣ ਜਿਹੜਾ ਵੀ ਵਿਅਕਤੀ ਮੇਰੀ ਕੋਠੀ ਦੇ ਅੱਗੋਂ ਦੀ ਲੰਘਦਾ ਤਾਂ ਮੇਰਾ ਨਾਂ ਪੜ੍ਹ ਕੇ ਕੋਠੀ ਵੱਲ ਵੇਖਦਾ। ਉਹ ਕੀ ਸੋਚਦਾ ਹੋਵੇਗਾ ?

ਮੈਨੂੰ ਡਾਕਟਰ ਬਣਿਆਂ ਅਜੇ ਬਹੁਤੀ ਦੇਰ ਨਹੀਂ ਸੀ ਹੋਈ ਤਾਂ ਸਾਰੇ ਮੁਹੱਲੇ ਵਿੱਚ ਮੇਰੀਆਂ ਧੂੰਮਾਂ ਪੈ ਗਈਆਂ। ਹਰ ਕੋਈ ਮੇਰੇ ਨਾਲ ਹੱਥ ਮਿਲਾਉਣਾ ਤੇ ਮੈਨੂੰ ਮੁਬਾਰਕਾਂ ਦੇਣੀਆਂ ਆਪਣਾ ਫ਼ਖਰ ਸਮਝਦਾ ਸੀ। ਕਿਉਂ ਕਿ ਮੈਂ ਵਿਦਵਾਨ ਬਣ ਗਿਆ ਸੀ!

ਮੇਰੀ ਹਾਲਤ ਉਸ ਚੂਹੇ ਵਰਗੀ ਸੀ, ਜਿਸਨੂੰ ਅਦਰਕ ਦੀ ਗੱਠੀ ਲੱਭ ਗਈ ਤੇ ਉਹ ਪੰਸਾਰੀ ਬਣ ਕੇ ਬਹਿ ਗਿਆ ਸੀ।

ਮੁੱਲ ਦੀ ਡਿਗਰੀ ਨੇ ਤੇ ਨਿਗਰਾਨ ਦੀ ਸਿਫਾਰਸ਼ ਨੇ ਮੈਨੂੰ ਨੌਕਰੀ ਤਾਂ ਸਥਾਨਕ ਕਾਲਜ ਵਿੱਚ ਦਿਵਾ ਦਿੱਤੀ ਸੀ, ਪਰ ਜਦੋਂ ਮੈਂ ਕਾਲਜ ਵਿੱਚ ਜਾਂਦਾ ਸੀ ਤਾਂ ਸਿਆਲ ਮਹੀਨੇ ਮੈਨੂੰ ਪਸੀਨਾ ਆਉਂਦਾ, ਗਰਮੀਆਂ ਮੌਕੇ ਮੈਨੂੰ ਠੰਡ ਲੱਗਣ ਲੱਗ ਪੈਂਦੀ। ਮੇਰੀ ਇਸ ਤਰਾਂ ਅਜੀਬ ਜਿਹੀ ਸਥਿਤੀ ਬਣ ਗਈ ਸੀ।

ਕਦੇ-ਕਦੇ ਮੈਨੂੰ ਸੱਚੀ-ਮੁੱਚੀ ਲੱਗਦਾ ਕਿ ਸਾਹਿਤ ਦਾ ਡਾਕਟਰ ਬਣ ਗਿਆ ਹਾਂ, ਲੋਕ ਮੈਨੂੰ ਵਿਦਵਾਨ ਸਮਝਦੇ ਹਨ। ਉਦੋਂ ਤਾਂ ਮੈਂ ਹੋਰ ਵੀ ਗੁਬਾਰੇ ਵਾਂਗ ਫੁੱਲ ਗਿਆ, ਜਦੋਂ ਕੋਈ ਅਜਨਬੀ ਮੈਨੂੰ ਡਾਕਟਰ ਸਾਹਿਬ ਕਹਿ ਕੇ ਬੁਲਾਉਂਦਾ।

ਇੱਕ ਦਿਨ ਬੜੀ ਅਜੀਬ ਸਥਿਤੀ ਬਣ ਗਈ । ਮੈਂ ਘਰ ਵਿੱਚ ਹੀ ਸੀ। ਮੇਰੇ ਰਿਸ਼ਤੇਦਾਰ ਵੀ ਘਰ ਹੀ ਆਏ ਹੋਏ ਸਨ। ਅਸੀਂ ਸਾਰਿਆਂ ਰਲ ਕੇ ਇੱਕ ਸਮਾਗਮ ਉੱਤੇ ਜਾਣ ਸੀ। ਅਸੀਂ ਜਾਣ ਦੀ ਤਿਆਰੀ ਵਿੱਚ ਸੀ। ਟੈਕਸੀ ਦੀ ਉਡੀਕ ਕਰ ਰਹੇ ਸਾਂ ਤਾਂ ਇੱਕ ਪੇਂਡੂ ਜਿਹਾ ਬੰਦਾ ਧੁੱਸ ਦਿੰਦਾ ਅੰਦਰ ਆ ਵੜਿਆ। ਮਗਰ ਇੱਕ ਭਈਆ, ਮੱਝ ਤੇ ਕੱਟਾ ਆ ਵੜੇ।

'ਡਾਕਟਰ ਸਾਹਿਬ! ਆ ਮੇਰੀ ਮੱਝ ਨੂੰ ਦੇਖਿਓ, ਇਹ ਕਈ ਦਿਨਾਂ ਤੋਂ ਬਿਨ੍ਹਾਂ ਕੁੱਝ ਖਾਧੇ ਪੀਤੇ ਦੁੱਧ ਦੇਈ ਜਾ ਰਹੀ ਹੈ। ਅਸੀਂ ਤਾਂ ਹੈਰਾਨ ਹੋ ਗਏ। ਇਹ ਮਾਜਰਾ ਕੀ ਐ ? '

'ਆ ਦੇਖਿਓ।''

ਉਹ ਮੈਨੂੰ ਧੂਹ ਕੇ ਮੱਝ ਕੋਲ ਲੈ ਗਿਆ। ਉਸਨੇ ਮੈਨੂੰ ਬੋਲਣ ਦਾ ਮੌਕਾ ਹੀ ਨਾ ਦਿੱਤਾ। ਮੇਰੀ ਹਾਲਤ ਉਸ ਬਿੱਲੇ ਵਰਗੀ ਹੋ ਗਈ, ਜਿਸ ਦੇ ਸਾਹਮਣੇ ਤਾਂ ਚੂਹਾ ਹੈ ਤੇ ਮਗਰ ਕੁੱਤਾ ਜੀਭ ਕੱਢੀ ਖੜ੍ਹਾ ਹੈ। ਮੈਂ ਜਦੋਂ ਆਪਣੇ ਟੱਬਰ ਵੱਲ ਵੇਖਿਆ ਤਾਂ ਉਹ ਹੱਸ ਹੱਸ ਕੇ ਦੂਹਰੇ-ਤੀਹਰੇ ਹੋਈ ਜਾ ਰਹੇ ਸਨ। ਕਈਆਂ ਨੂੰ ਤਾਂ ਹੱਸਦਿਆਂ ਹੁੱਥੂ ਵੀ ਆ ਗਏ ਸਨ।

ਨਾ ਤਾਂ ਮੈਨੂੰ ਕੁੱਝ ਸਮਝ ਆ ਰਿਹਾ ਸੀ ਤੇ ਨਾ ਹੀ ਉਸ ਪੇਂਡੂ ਨੂੰ, ਉਹ ਮੇਰੇ ਸਾਹਮਣੇ ਹੱਥ ਜੋੜੀ ਖੜਾ ਸੀ।

''ਡਾਕਟਰ ਸਾਹਿਬ ਕਰੋ ਕੋਈ ਹੀਲਾ।''

ਮੈਂ ਉਸਨੂੰ ਕਿਹਾ ਕਿ ''ਭਾਈ ਸਾਹਿਬ ਮੈਂ ਡੰਗਰਾਂ ਦਾ ਨਹੀਂ, ਕਿਤਾਬਾਂ ਦਾ ਡਾਕਟਰ ਹਾਂ। ਡੰਗਰ ਡਾਕਟਰ ਪਹਿਲਾਂ ਕਦੇ ਇੱਥੇ ਰਹਿੰਦਾ ਸੀ। ਹੁਣ ਉਹ ਵਿਦੇਸ਼ ਚਲੇ ਗਿਆ ਹੈ ਤੇ ਉਸਦੀ ਕੋਠੀ ਮੈਂ ਖ਼ਰੀਦ ਲਈ ਹੈ। ਉਹ ਡਾਕਟਰ ਗੱਧਾ ਮਲ ਸੀ। ਮੇਰਾ ਨਾਂ ਡਾਕਟਰ ਪਿਆਜ਼ ਦਾਸ ਹੈ।'' ਮੈਂ ਉਸਨੂੰ ਸਮਝਾਉਣ ਦਾ ਯਤਨ ਕਰ ਰਿਹਾ ਸੀ।

ਉਹ ਮੇਰੇ ਵੱਲ ਇਉਂ ਦੇਖ ਰਿਹਾ ਸੀ, ਜਿਵੇਂ ਮੈਂ ਝੂਠ ਬੋਲ ਰਿਹਾ ਹੋਵਾਂ। ਉਹ ਫੇਰ ਮੇਰੇ ਕੋਲ ਆ ਕੇ ਕਹਿੰਦਾ,

''ਡਾਕਟਰ ਸਾਹਿਬ ਤੁਸੀਂ ਮਜ਼ਾਕ ਬਹੁਤ ਵਧੀਆ ਕਰਦੇ ਹੋ, ਲੱਗਦੈ ਤੁਸੀਂ ਜ਼ਰੂਰ ਕਮੇਡੀਅਨ ਹੋ। ਹਾਸੇ ਨਾਲ ਹਾਸਾ ਰਿਹਾ, ਤੁਸੀਂ ਮੱਝ ਨੂੰ ਦੇਖੋ।'' ਉਸਨੇ ਗੰਭੀਰ ਹੁੰਦਿਆਂ ਕਿਹਾ।

ਮੈਂ ਫਿਰ ਮਾਫ਼ੀ ਮੰਗਦਿਆਂ ਕਿਹਾ,

''ਜਨਾਬ ਮੈਂ ਡਾਕਟਰ ਨਹੀਂ। ਮੈਂ ਤਾਂ ਵਿਦਵਾਨ ਹਾਂ।''

''ਮੈਂ ਵੀ ਸੋਚਾਂ ਕਿ ਇਹ ਜੇ ਡਾਕਟਰ ਨਹੀਂ ਤਾਂ ਵੈਦ ਜ਼ਰੂਰ ਹੋਣਗੇ। ਵੈਦ ਜੀ ਤੁਸੀਂ ਤਾਂ ਮੱਝ ਦਾ ਦੇਸੀ ਇਲਾਜ ਕਰ ਸਕਦੇ ਹੋ। ਨਾਲੇ ਦੇਸੀ ਇਲਾਜ ਦਾ ਕੋਈ ਵੀ ਨੁਕਸਾਨ ਨਹੀਂ ਹੁੰਦੈ। ਮੈਂ ਤਾਂ ਤੁਹਾਡਾ ਮਸਤਕ ਦੇਖ ਕੇ ਸਮਝ ਗਿਆ ਸੀ ਕਿ ਤੁਸੀਂ ਜੇ ਡਾਕਟਰ ਨਹੀਂ ਤਾਂ ਵੈਦ ਜ਼ਰੂਰ ਹੋ। ਇਹ ਤੁਸੀਂ ਆਪ ਹੀ ਦੱਸ ਦਿੱਤਾ।''

ਪੇਂਡੂ ਨੇ ਆਪਣਾ ਨਵਾਂ ਰਿਕਾਟ ਲਾ ਲਿਆ।

ਮੈਂ ਕਿਹਾ ''ਭਾਈ ਸਾਹਿਬ, ਤੁਸੀਂ ਮੇਰੀ ਗੱਲ ਕਿਉਂ ਨਹੀਂ ਸਮਝਦੇ। ਨਾ ਮੈਂ ਡਾਕਟਰ ਹਾਂ ਤੇ ਨਾ ਹੀ ਕੋਈ ਵੈਦ। ਮੈਂ ਤਾਂ ਵਿਦਵਾਨ ਹਾਂ। ਜੇ ਤੁਸੀ ਮੇਰੀ ਕੋਈ ਗੱਲ ਨਹੀਂ ਮੰਨਦੇ ਤਾਂ ਫਿਰ ਮੈਂ ਤੁਹਾਡੀ ਮੱਝ ਦਾ ਇਲਾਜ ਕਰ ਦਿੰਨਾ ਹਾਂ, ਫੇਰ ਤੁਸੀਂ ਮੇਰਾ ਖਹਿੜਾ ਛੱਡ ਸਕਦੇ ਹੋ?''

''ਸਾਡੀ ਮੱਝ ਠੀਕ ਹੋਣੀ ਚਾਹੀਦੀ ਐ, ਅਸੀਂ ਹੋਰ ਕੀ ਚਾਹੁੰਦੇ ਹਾਂ।'' ਉਸਨੇ ਤਸੱਲੀ ਨਾਲ ਸਿਰ ਹਿਲਾਉਂਦਿਆਂ ਕਿਹਾ।

''ਪਾਈਆ ਮਿੱਠਾ ਸੋਡਾ, ਗੁੜ ਵਿੱਚ ਲਪੇਟ ਕੇ ਦਿਹਾੜੀ ਵਿੱਚ ਦੋ-ਤਿੰਨ ਵਾਰ ਦੇਣਾ।'' ਮੈਂ ਇਹ ਨੁਕਸਾ ਕਿਸੇ ਪੇਂਡੂ ਤੋਂ ਸੁਣਿਆ ਹੋਇਆ ਸੀ, ਉਹ ਉਸਨੂੰ ਦੱਸ ਦਿੱਤਾ। ਉਸਨੇ ਮੇਰੀ ਦਵਾਈ ਸੁਣ ਕੇ ਪੰਜਾਹ ਦਾ ਨੋਟ ਜੇਬ ਵਿੱਚੋਂ ਕੱਢਿਆ ਤੇ ਮੇਰੀ ਤਲੀ ਉੱਤੇ ਟਿਕਾ ਦਿੱਤਾ।

''ਜੇ ਵੈਦ ਜੀ ਮੱਝ ਠੀਕ ਹੋ ਗਈ ਤਾਂ ਅਗਲੇ ਸੂਏ ਦਾ ਜਾਨਵਰ ਤੁਹਾਡਾ।''

ਉਹ ਇੰਨੀ ਗੱਲ ਕਰਕੇ ਬਾਹਰ ਨਿਕਲੇ। ਮੈਨੂੰ ਸੁੱਖ ਦਾ ਸਾਹ ਆਇਆ।

ਮੈਂ ਪਹਿਲਾਂ ਅੰਦਰ ਗਿਆ, ਫੇਰ ਬਾਹਰ ਆ ਕੇ ਨੇਮ ਪਲੇਟ ਪੱਟ ਕੇ ਖੜ ਗਿਆ। ਆਪਣੇ ਨਾਂ ਨਾਲੋਂ ਡਾਕਟਰ ਸ਼ਬਦ ਹਟਾਉਣ ਲੱਗ ਪਿਆ। ਇੱਕ ਦਿਨ ਇਉਂ ਹੀ ਕਾਲਜ ਵਿੱਚ ਹੋਇਆ। ਸਾਡੇ ਡਿਪਾਰਟਮੈਂਟ ਵਿੱਚ ਹਰ ਕੋਈ ਇੱਕ-ਦੂਜੇ ਨੂੰ ਡਾਕਟਰ ਕਹਿ ਕੇ ਸੰਬੋਧਨ ਕਰਦੇ ਹਨ, ਨਾਂ ਕੋਈ ਇੱਕ-ਦੂਜੇ ਦਾ ਨਹੀਂ ਲੈਂਦਾ। ਇੱਕ ਦਿਨ ਅਸੀਂ ਕੰਟੀਨ ਬੈਠੇ ਸੀ ਤਾਂ ਪਤਾ ਨਹੀਂ ਕਾਲਜ ਵਿੱਚ ਉਹ ਕੁੱਤਾ ਕਿਧਰੋਂ ਆਇਆ ਤੇ ਕੰਟੀਨ ਵਿੱਚ ਆ ਵੜਿਆ। ਕੰਟੀਨ ਦਾ ਮਾਲਕ ਨੇ ਜਦ ਕੁੱਤਾ ਦੇਖਿਆ ਤਾਂ ਆਪਣੇ ਨੌਕਰ ਨੂੰ ਬੋਲਿਆ " ਓ ਕੈਲਿਆ ਆ ਡਾਕਟਰ ਸਾਹਿਬ ਨੂੰ ਕੱਢ ਬਾਹਰ ?" ਕੈਲਾ ਨੇ ਸੋਟੀ ਚੱਕੀ, ਕੁੱਤੇ ਦੇ ਢੂੰਹੇਂ ਉਪਰ ਮਾਰੀ ਤੇ ਉਹ ਚਊਂ ਚਊ ਕਰਦਾ ਭੱਜ ਗਿਆ । ਅਸੀਂ ਸਭ ਇੱਕ ਦੂਜੇ ਵੱਲ ਦੇਖ ਕੇ ਹੱਸਦੇ ਬਾਹਰ ਨਿਕਲ ਗਏ ।

ਜਦ ਮੈਂ ਕਲਾਸ ਵਾਲੇ ਕਮਰੇ ਵੱਲ ਨੂੰ ਗਿਆ ਤਾਂ ਕੀ ਹੋਇਆ ?

''ਡਾਕਟਰ ਸਾਹਿਬ! ਆ ਰਚਨਾ, ਵਿਚਰਨਾ, ਸਰੰਚਨਾ ਰੂਪਵਾਦ, ਰੁਮਾਂਸਵਾਦ ਤੇ ਮਾਰਕਸਵਾਦ ਇਹ ਕੀ ਬਲਾ ਹੁੰਦੀ ਹੈ?'' ਦੋ-ਤਿੰਨ ਵਿਦਿਆਰਥੀਆਂ ਨੇ ਮੈਨੂੰ ਇਉਂ ਘੇਰ ਲਿਆ, ਜਿਵੇਂ ਕੁੱਤਿਆਂ ਨੇ ਬਿੱਲੀ ਘੇਰੀ ਹੁੰਦੀ ਐ। ਮੈਨੂੰ ਸਮਝ ਨਾ ਲੱਗੇ ਮੈਂ ਕੀ ਜਵਾਬ ਦੇਵਾਂ, ਮੈਂ ਪੇਸ਼ਾਬ ਕਰਨ ਦੇ ਬਹਾਨੇ ਉੱਥੋਂ ਖਿਸਕ ਗਿਆ ਤੇ ਆਪਣਾ ਅਸਤੀਫ਼ਾ ਲਿਖ ਕੇ ਹੈੱਡ ਨੂੰ ਦੇ ਆਇਆ। "

ਮੇਰਾ ਅਸਤੀਫ਼ਾ ਤਾਂ ਮਨਜੂਰ ਨਾ ਹੋਇਆ, ਸਗੋਂ ਦਿੱਲੀ ਦੀ ਇਕ ਫਰਮ ਨੇ ਇਕ ਰਸਾਲੇ ਦੇ ਨਾਟਕ ਉੱਤੇ ਅੰਕ ਕੱਢਣ ਲਈ ਮੈਨੂੰ ਆਨਰੇਰੀ ਸੰਪਾਦਕ ਨਿਯੁਕਤ ਕਰ ਦਿੱਤਾ। ਬੱਸ ਫਿਰ ਕੀ ਸੀ। ਆਪਾਂ ਡਾਕਟਰ ਤਲਵਾਰ ਵਾਲੀ ਵਿਧੀ ਨਾਲ ਰਸਾਲਾ ਮਹੀਨੇ ਵਿਚ ਤਿਆਰ ਕਰਕੇ ਫਰਮ ਤੋਂ ਚੈਕ ਲੈ ਕੇ ਬੈਂਕ ਵਿਚ ਜਮਾਂ ਕਰਵਾ ਦਿੱਤਾ।

ਹੁਣ ਮੇਰੇ ਵਿਭਾਗ ਦੇ ਸਾਥੀ ਮੇਰੇ ਵਿਦਵਾਨ ਹੋਣ ਤੋਂ ਖਾਰ ਖਾਂਦੇ ਹਨ। ਕਈ ਤਾਂ ਮੇਰੇ ਖ਼ਿਲਾਫ਼ ਸਾਜਿਸ਼ਾਂ ਵੀ ਘੜਦੇ ਹਨ, ਪਰ ਮੈਨੂੰ ਪਤਾ ਹੈ ਕਿ ਮੈਨੂੰ ਇਕ ਫਰਮ ਨੇ ਵਿਦਵਾਨ ਸਵੀਕਾਰ ਕਰ ਲਿਆ ਹੈ। ਆਪਾਂ ਆਪੇ ਬਣੇ ਵਿਦਵਾਨ ਹਾਂ । ਮੇਰੇ ਵਰਗੇ ਹੋਰ ਵੀ ਕਈ ਸੈਕੜੇ ਹਨ । ਜਿਹੜੇ ਆਪਣੀ ਵਿਦਵਤਾ ਦੇ ਝੰਡੇ ਝੁਲਾ ਰਹੇ ਹਨ । ਆਪਾਂ ਮੋਟੀ ਤਨਖਾਹ ਕੁੱਟੀ ਦੀ ਆ । ਸਾਹਿਤ ਤੇ ਸਿੱਖਿਆ ਆਪਾਂ ਡਿਪਾਰਮੈਂਟ ਤੋਂ ਕੀ ਲੈਣਾ? ਆਪਾਂ ਤਾਂ ਵਿਦਵਾਨ ਹਾਂ। ਹੁਣ ਆਪਾਂ ਯੂਟਿਊਬਰ ਵਿਦਵਾਨ ਆ, ਹਰ ਰੋਜ਼ ਗੁਰੂਆਂ, ਫ਼ਕੀਰਾਂ ਦੀ ਸਾਖੀਆਂ ਨੂੰ ਲਿਸ਼ਕਾ ਕੇ ਸੁਣਾਈ ਦਾ ਐ। ਲੋਕ ਮੇਰਾ ਪ੍ਰਕਾਸ਼ ਕੀਤਾ ਦਾੜ੍ਹਾ ਸਾਹਿਬ ਵੇਖ ਕੇ ਘਰਾਂ ਵਿੱਚ ਚਰਨ ਪਵਾਉਣ ਲੱਗੇ ਹਨ। ਲੋਕ ਮੈਨੂੰ ਮੱਥਾ ਟੇਕ ਖੁਸ਼ੀਆਂ ਖਰੀਦ ਰਹੇ ਹਨ। ਆਪਣੀ ਦੁਕਾਨਦਾਰੀ ਵਧੀਆ ਰੁੜ ਗਈ। ਜਮਾਂ ਹੋ ਭਗਵੰਤ ਮਾਨ ਦੀ ਸਰਕਾਰ ਵਾਂਗ। ਕਮਾਈ ਦੀ ਕੋਈ ਕਮੀਂ ਨਹੀਂ ਐ। ਜੇ ਕੋਈ ਕਮੀਂ ਐ, ਉਹ ਇਹ ਐ ਦੁਨੀਆਂ ਮੂਰਖਾਂ ਦੀ ਐ। ਲੋਕ ਭੇਡਾਂ ਬੱਕਰੀਆਂ ਨੇ ਇਹਨਾਂ ਮੁੰਨਣਾ ਕਿਵੇਂ ਐਂ, ਇਹਦਾ ਤਰੀਕਾ ਆਉਣਾ ਚਾਹੀਦਾ ਐ। ਉਸ ਵਿੱਚ ਆਪਾਂ ਮਾਹਿਰ ਆ। ਹੁਣ ਤਾਂ ਮੈਂ ਦੋ ਯੂਨੀਵਰਸਿਟੀਆਂ ਦਾ ਵਿਜ਼ਟਰ ਪ੍ਰੋਫੈਸਰ ਤੇ ਡਾਇਰੈਕਟਰ ਆਂ। ਜੇ ਤੁਸੀਂ ਵਿਦਵਾਨ ਬਨਣਾ ਤਾਂ ਮੇਰੇ ਨਾਲ ਸਿਧਾ ਸੰਪਰਕ ਕਰ ਲਵੋ।

---++++



ਬੁੱਧ ਸਿੰਘ ਨੀਲੋਂ
9464370823



Namo Buddhaye



# DHAMMA WAVES

Jai Bheem



**Watch us Live on Facebook every Sunday at 8 pm Indian Time**
**live call : +91-966-797-2248**
**E-mail : dhammawaves.info@gmail.com**

**Follow Us : www.Dhammawaves.com You Tube Dhammawaves**
**E-mail : dhammawaves.info@gmail.com**



चलो बुद्ध गया
अब नहीं तो कभी नहीं
मिलेगा बौद्धों को बौद्ध गया महा बुद्ध विहार

Bhikkhu Gautampal

**Dhamma Desna By: Bhikkhu GautamPal**

Topic: ईश्वर पर विश्वास करना अनैतिक है।
ਪਰਮਾਤਮਾ ਵਿਚ ਵਿਸ਼ਵਾਸ ਅਧਰਮ ਹੈ।
Believing in God is immoral

Topic : Current status of the Bodhgaya(movment)

बोधगया (आंदोलन) की वर्तमान स्थिति

**Abolish Bodh Gaya Temple BTA Act 1949**



Dr.Harbans Virdee

**Sunday May.18th,2025 at 8 PM Indian Time**

**Live On Facebook**

**Guest Speaker : Dr. Harbans Virdee (Buddhist Writer UK)**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**